
# ਪੰਜਾਬ ਦੇ ਲੋਕ-ਸਾਜ਼

ਅਨਿਲ ਨਰੂਲਾ



PUNJABI UNIVERSITY PATIALA

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

Sri Satguru Jagjit Singh Ji Elibrary NamdhariElibrary@gmail.com



# *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

# ਪੰਜਾਬ ਦੇ ਲੋਕ-ਸਾਜ਼

ਅਨਿਲ ਨਰੂਲਾ
ਐਮ.ਏ. (ਸੰਗੀਤ ਵਾਦਨ)
ਐਮ.ਮਿਊਜ਼ (ਸੰਗੀਤ ਵਾਦਨ)

PUNJABI UNIVERSITY PATIALA

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

Sri Satguru Jagjit Singh Ji Elibrary NamdhariElibrary@gmail.com

©
ਪੰਜਾਬੀ ਭਾਸ਼ਾ ਵਿਕਾਸ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

PUNJAB DE LOK-SAZ (*Punjabi*)
*by*
ANIL NARULA

ISBN 81-7380—272-6

1989
ਤੀਜੀ ਵਾਰ : 8000
1996
ਚੌਥੀ ਵਾਰ : 1100

ਮੁੱਲ : 20/- ਰੁਪਏ

ਸਰਦਾਰ ਰਣਬੀਰ ਸਿੰਘ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ ਅਤੇ
ਪੰਜਾਬੀ ਯੂਨੀਵਰਸਿਟੀ ਪ੍ਰੈਸ, ਪਟਿਆਲਾ ਦੁਆਰਾ ਮੁਦ੍ਰਿਤ

Sri Satguru Jagjit Singh Ji Elibrary NamdhariElibrary@gmail.com

# ਮੁੱਖ ਬੰਧ
## (ਪਹਿਲਾ ਸੰਸਕਰਣ)

ਪੰਜਾਬੀ ਯੂਨੀਵਰਸਿਟੀ ਪੰਜਾਬੀ ਸਭਿਆਚਾਰ ਦੇ ਵਿਰਸੇ ਅਤੇ ਉਸ ਦੇ ਅਨੁਭਵ ਨੂੰ ਸਾਕਾਰ ਉਜਾਗਰ ਕਰਨ ਵਿਚ ਯਤਨਸ਼ੀਲ ਹੈ। ਪੰਜਾਬੀ ਲੋਕ-ਸੰਗੀਤ ਤੇ ਪੰਜਾਬੀ ਲੋਕ-ਸਾਜ਼ਾਂ ਸੰਬੰਧੀ ਸ੍ਰੀ ਅਨਿਲ ਨਰੂਲਾ ਦੀ ਇਹ ਪੁਸਤਕ ਇਸ ਸੰਬੰਧ ਵਿਚ ਇਕ ਸ਼ਲਾਘਾਯੋਗ ਯਤਨ ਹੈ।

ਮੁੱਢ ਕਦੀਮਾਂ ਤੋਂ ਸਾਡੇ ਦੇਸ਼ ਦੀ ਆਤਮ-ਕਥਾ ਨੂੰ ਲੋਕ-ਗਾਥਾ ਰਾਹੀਂ ਲੋਕ-ਸੰਗੀਤ ਵਿਚ ਉਚਾਰਿਆ ਜਾਂਦਾ ਰਿਹਾ ਹੈ। ਸਾਡੇ ਲੋਕ ਆਪਣੇ ਜੀਵਨ ਦੇ ਬੁਨਿਆਦੀ ਤੱਤਾਂ ਨੂੰ ਅਮਰ ਸਚਾਈ ਵਿਚ ਬਦਲਦੇ ਹਨ। ਲੋਕ-ਸੱਚ ਦੀ ਇਹ ਧਾਰਾ ਕੁਝ ਵਿਸ਼ੇਸ਼ ਸੁਰਾਂ ਨੂੰ ਨਵੀਂ ਵਿਚਾਰ-ਜੁਗਤ ਵਿਚ ਜੋੜਦੀ ਹੈ। ਲੋਕ-ਗਾਥਾ ਤੇ ਲੋਕ-ਸਾਜ਼ ਇਸ ਨਵੀਂ ਗੋਂਦ ਦਾ ਸਾਧਨ ਬਣਦੇ ਹਨ। ਇਸ ਰਾਹੀਂ ਅਸੀਂ ਆਪਣੇ ਸੱਚ ਨੂੰ ਜਾਂ ਆਪਣੀ ਜ਼ਿੰਦਗੀ ਦੇ ਉਨ੍ਹਾਂ ਬੁਨਿਆਦੀ ਤੱਤਾਂ ਨੂੰ ਇਕ ਦੂਜੇ ਦੇ ਨਾਲ ਸਾਂਝੇ ਵੀ ਕਰਦੇ ਹਾਂ ਤੇ ਇਸ ਨਵੀਂ ਪਈ ਸਾਂਝ ਰਾਹੀਂ ਆਪਣੇ ਸਭਿਆਚਾਰ ਦੇ ਇਤਿਹਾਸਕ ਪਿੜ ਨੂੰ ਅੱਗੇ ਲੈ ਜਾਂਦੇ ਹਾਂ।

ਜਦੋਂ ਵੀ ਮਨੁੱਖ ਆਪਣੇ ਜੀਵਨ ਦੇ ਦੁੱਖ ਸੁੱਖ ਨੂੰ ਆਪਣੇ ਸਾਥੀਆਂ ਨਾਲ ਬੈਠ ਕੇ ਵਿਚਾਰਦਾ ਹੈ ਜਾਂ ਇਨ੍ਹਾਂ ਵਿਚਾਰਾਂ ਨੂੰ ਲੋਕ-ਸਾਜ਼ਾਂ ਰਾਹੀਂ ਲੋਕਾਂ ਦੇ ਹਾਵ-ਭਾਵ ਨਾਲ ਜੋੜਦਾ ਹੈ, ਇਕ ਨਵੀਂ ਲੋਕ-ਜੁਗਤ ਸਾਕਾਰ ਹੁੰਦੀ ਹੈ। ਇਸ ਲੋਕ-ਜੁਗਤ ਦੀ ਵਿਆਖਿਆ ਕਰਨੀ, ਇਸ ਦੀਆਂ ਤੰਦਾਂ ਦਾ ਨਿਖੇੜਾ ਕਰਨਾ, ਇਸ ਦੀ ਵਿਉਂਤ ਨੂੰ ਸਮਝਣਾ ਆਪਣੇ ਆਪ ਨੂੰ ਸਮਝਦਾ ਹੈ। ਇਸ ਲੋਕ ਰਾਹ ਤੇ ਜਿੰਨੇ ਵੀ ਯਤਨ ਕੀਤੇ ਜਾਣ ਥੋੜ੍ਹੇ ਹਨ।

ਮੈਂ ਆਸ ਕਰਦਾ ਹਾਂ ਕਿ ਯੂਨੀਵਰਸਿਟੀ ਦਾ ਇਹ ਯਤਨ ਲੋਕ-ਸਾਜ਼ਾਂ ਸਬੰਧੀ ਸੰਖੇਪ ਜਾਣਕਾਰੀ ਪ੍ਰਾਪਤ ਕਰਨ ਲਈ ਲਾਭਵੰਦ ਸਿੱਧ ਹੋਵੇਗਾ।

ਪੰਜਾਬੀ ਯੂਨੀਵਰਸਿਟੀ,
ਪਟਿਆਲਾ

**ਐਸ. ਐਸ. ਜੌਹਲ**
ਵਾਈਸ-ਚਾਂਸਲਰ

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

# ਵਿਸ਼ਾ-ਸੂਚੀ


| | | |
|---|---|---|
| | ਮੁੱਖ ਬੰਧ | v |
| | ਜਾਣ-ਪਛਾਣ | 1 |
| I. | ਲੋਕ ਗੀਤਾਂ ਵਿਚ ਸਾਜ਼ਾਂ ਦੀ ਮਹੱਤਤਾ | 5 |
| II. | ਸਾਜਾਂ ਦਾ ਵਿਕਾਸ ਅਤੇ ਵੰਡ | 7 |
| 1. | ਅਵਨਧ ਸਾਜ਼ | 8 |
| | (ੳ) ਢੋਲ | 9 |
| | (ਅ) ਢੋਲਕੀ | 11 |
| | (ੲ) ਢੱਡ | 13 |
| | (ਸ) ਨਗਾਰਾ | 15 |
| | (ਹ) ਖੰਜਰੀ | 17 |
| 2. | ਤੱਤ ਸਾਜ਼ | 20 |
| | (ੳ) ਇਕ ਤਾਰਾ (ਤੂੰਬੀ) | 21 |
| | (ਅ) ਸਾਰੰਗੀ | 23 |
| | (ੲ) ਤੂੰਬਾ | 25 |
| | (ਸ) ਦੋ ਤਾਰਾ | 27 |
| 3. | ਸੁਸ਼ਿਰ ਸਾਜ਼ | 31 |
| | ਨਗੋਜ਼ੇ | 31 |
| 4. | ਘਣ ਸਾਜ਼ | 34 |
| | (ੳ) ਚਿਮਟਾ | 34 |
| | (ਅ) ਘੜਾ | 37 |
| | (ੲ) ਖੜਤਾਲ | 38 |
| | (ਸ) ਘੁੰਘਰੂ | 40 |
| | (ਹ) ਸੱਪ | 42 |
| | (ਕ) ਕਾਟੋ | 44 |


Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

# ਜਾਣ-ਪਛਾਣ

ਮਨੁੱਖੀ ਸੁਭਾਅ ਦੀ ਆਪਣੇ ਅੰਦਰਲੇ ਭਾਵਾਂ ਨੂੰ ਦੂਜਿਆਂ ਸਾਹਮਣੇ ਪ੍ਰਗਟਾਉਣ ਦੀ ਮੁੱਢਲੀ ਇੱਛਾ ਤੋਂ ਹੀ ਲੋਕ ਗੀਤਾਂ ਦਾ ਲੜੀਵਾਰ ਵਿਕਾਸ ਹੋਇਆ ਅਤੇ ਉਹ ਇਨ੍ਹਾਂ ਨੂੰ ਪ੍ਰਗਟਾਉਣ ਲਈ ਜਾਂ ਤਾਂ ਆਵਾਜ਼ ਦਾ ਪ੍ਰਯੋਗ ਕਰਦਾ ਹੈ ਜਾਂ ਇਸ਼ਾਰਿਆਂ ਨੂੰ ਆਪਣਾ ਸਾਧਨ ਬਣਾਉਂਦਾ ਹੈ। ਕਦੇ ਕਦੇ ਉਹ ਆਵਾਜ਼ ਅਤੇ ਇਸ਼ਾਰਿਆਂ ਦੋਹਾਂ ਨੂੰ ਕੰਮ ਵਿਚ ਲਿਆਉਂਦਾ ਹੈ। ਅੱਜ ਤੋਂ ਕਈ ਹਜ਼ਾਰ ਸਾਲ ਪਹਿਲਾਂ ਜਦੋਂ ਮਨੁੱਖ ਜਾਤੀ ਅਸੱਭਿਅ ਸੀ ਉਦੋਂ ਵੀ ਉਸ ਦੇ ਦਿਲ ਵਿਚ ਪ੍ਰਕ੍ਰਿਤੀ ਦੇ ਨਾਲ ਲਗਾਉ ਸੀ। ਪ੍ਰਕ੍ਰਿਤੀ ਮਨੁੱਖ ਦੀ ਜਨਮ-ਜਾਤ ਸੰਸਕਾਰਾਂ ਦੀ ਆਤਮਾ ਹੈ। ਪ੍ਰਾਕ੍ਰਿਤਕ ਸੰਗੀਤ ਹੀ ਲੋਕ ਗੀਤਾਂ ਦੀ ਪਰਿਭਾਸ਼ਾ ਹੈ। ਮਨੁੱਖ ਜਦੋਂ ਅਸੱਭਿਅ ਸੀ ਉਦੋਂ ਵੀ ਉਹ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਲਈ ਕੁਝ ਅਸਪੱਸ਼ਟ ਸ਼ਬਦਾਂ ਦਾ ਉਚਾਰਣ ਕਰਦਾ ਸੀ। ਉਸ ਵੇਲੇ ਉਹੀ ਉਸ ਦੀ ਆਵਾਜ਼, ਉਸ ਦੀ ਕਵਿਤਾ ਅਤੇ ਸੰਗੀਤ ਹੁੰਦਾ ਸੀ। ਹੌਲੀ ਹੌਲੀ ਉਸ ਦਾ ਵਿਕਾਸ ਹੋਇਆ, ਉਹਦੇ ਨਾਲ ਹੀ ਸਮਾਜ ਦਾ ਵਿਕਾਸ ਹੋਇਆ ਅਤੇ ਫੇਰ ਉਸ ਨੇ ਸੰਗੀਤ ਦੇ ਨਾਲ ਸਮੂਹਿਕ ਨਾਚਾਂ ਦੇ ਮਹੱਤਵ ਨੂੰ ਪਛਾਣਿਆ। ਇਸ ਗੀਤ ਜਾਂ ਨਾਚ ਦੇ ਪ੍ਰਚਾਰ ਦਾ ਇਹ ਸਿੱਟਾ ਨਿਕਲਿਆ ਕਿ ਉਸ ਨੇ ਇਕ ਦੂਜੇ ਦੀਆਂ ਭਾਵਨਾਵਾਂ ਨੂੰ ਗਹਿਰਾਈ ਨਾਲ ਅਨੁਭਵ ਕੀਤਾ ਅਤੇ ਉਹ ਸੱਭਿਅਤਾ ਦੀ ਇਕ ਨਵੀਂ ਧਾਰਾ ਦੀ ਤਰਫ਼ ਵਧਣ ਲੱਗਾ, ਇਹ ਪ੍ਰਾਕ੍ਰਿਤਕ ਸੰਗੀਤ ਲੋਕ ਸੰਗੀਤ ਦੇ ਨਾਂ ਨਾਲ ਪ੍ਰਚੱਲਿਤ ਹੋਇਆ।

ਸਮਾਜ ਵਿਚ ਵੀਰ ਪੂਜਾ, ਧਾਰਮਿਕ ਅਤੇ ਸਮਾਜਿਕ ਤਿਉਹਾਰ ਜਿਵੇਂ ਵਿਆਹ,ਜਨਮ ਦਿਨ ਆਦਿ ਦੇ ਸਮੇਂ ਨਾਚ, ਗਾਣੇ ਦਾ ਰਿਵਾਜ ਚੰਗੀ ਤਰ੍ਹਾਂ ਪ੍ਰਚੱਲਿਤ ਹੋ ਗਿਆ ਸੀ। ਵੀਰ ਪੂਜਾ ਵਿਚ ਆਪਣੇ ਵੱਡੇ ਵਡੇਰਿਆਂ ਦਾ ਜਿਨ੍ਹਾਂ ਨੇ ਦੇਸ਼, ਜਾਤੀ ਅਤੇ ਧਰਮ ਦੇ ਲਈ ਅਨੇਕ ਕਸ਼ਟ ਸਹਿੰਦੇ ਹੋਏ ਪ੍ਰਾਣ ਦਿੱਤੇ ਸਨ, ਉਨ੍ਹਾਂ ਦਾ ਗੁਣਗਾਣ ਕਰਦੇ ਹੋਏ ਉਨ੍ਹਾਂ ਦੀ ਯਾਦ ਬਣਾਈ ਰਖਦੇ ਸਨ। ਇਸ ਪ੍ਰਕਾਰ ਦੀ ਵੀਰ ਪੂਜਾ ਸਾਡੇ ਦੇਸ਼ ਵਿਚ ਅਤੇ ਹੋਰਾਂ ਕਈ ਦੇਸ਼ਾਂ ਵਿਚ ਵੀਰਾਂ ਦੀਆਂ ਮੂਰਤੀਆਂ ਬਣਾ ਕੇ ਉਨ੍ਹਾਂ ਦੇ ਸਾਹਮਣੇ ਜਿਸ ਵਿਚ ਉਨ੍ਹਾਂ ਦੀ ਵੀਰਤਾ ਦਾ ਵਰਣਨ ਹੁੰਦਾ ਸੀ, ਨੱਚਦੇ ਗਾਉਂਦੇ ਸਨ। 'ਪੇਰੂ' ਵਿਚ ਮਰੇ ਹੋਏ ਸਰੀਰ ਨੂੰ ਸੁਰੱਖਿਅਤ ਰਖਦੇ ਹੋਏ ਉਸ ਦੀ ਪੂਜਾ ਆਦਿ ਕਰਨ ਦਾ ਰਿਵਾਜ ਸੀ। ਕਦੇ ਕਦੇ ਯੁੱਧ ਜਿੱਤ ਕੇ ਆਇਆਂ ਵੀਰਾਂ ਦੇ ਆਦਰ ਵਿਚ ਵੀ ਇਸ ਤਰ੍ਹਾਂ ਦੇ ਉਤਸਵ ਮਨਾਏ ਜਾਂਦੇ ਸਨ। ਇਸ ਦੇ ਇਲਾਵਾ ਸਾਲ ਵਿਚ ਕੁਝ ਅਜਿਹੇ ਵੀ ਮੌਕੇ ਆਉਂਦੇ ਸਨ ਜਦੋਂ ਉਹ ਧਾਰਮਿਕ ਤਿਉਹਾਰ ਮਨਾਉਂਦੇ ਸਨ। ਧਾਰਮਿਕ ਤਿਉਹਾਰ ਆਮ ਤੌਰ ਤੇ ਖੇਤਾਂ ਵਿਚ ਬੀਜੀਆਂ ਫ਼ਸਲਾਂ ਦੀ ਤਰੱਕੀ ਦੀ ਇੱਛਾ ਰਖਦੇ ਹੋਏ ਮਨਾਉਂਦੇ ਸਨ। ਕੁਝ ਉਤਸਵ ਪੁੱਤਾਂ ਦੀ ਤਰੱਕੀ, ਪਰਿਵਾਰਕ

Sri Satguru Jagjit Singh Ji Elibrary NamdhariElibrary@gmail.com

ਸੁੱਖਾਂ ਦੀ ਕਾਮਨਾ ਕਰਦੇ ਹੋਏ ਹੁੰਦੇ ਸਨ। ਇਨ੍ਹਾਂ ਵਿਚ ਜਿਹੜੇ ਫ਼ਸਲਾਂ ਆਦਿ ਦੀ ਤਰੱਕੀ ਸੰਬੰਧਿਤ ਉਤਸਵ ਹੁੰਦੇ ਸਨ, ਬੜੀ ਉਮੰਗ ਅਤੇ ਲਗਨ ਨਾਲ ਮਨਾਉਂਦੇ ਸਨ। ਫ਼ਸਲ ਤਿਆਰ ਹੋਣ ਨਾਲ ਖ਼ੁਸ਼ੀ ਨਾਲ ਸਾਰੇ ਇਸਤ੍ਰੀ ਪੁਰਸ਼ ਨੱਚ, ਗਾ ਕੇ ਉਤਸਵ ਮਨਾਉਂਦੇ ਸਨ। ਫ਼ਸਲ ਨੂੰ ਵਧਦਿਆਂ ਫੁਲਦਿਆਂ ਵੇਖ ਕੇ ਸਾਰੇ ਆਨੰਦ ਮੰਗਲ ਗਾ ਕੇ ਦੇਵਤਿਆਂ ਅਤੇ ਵੱਡੇ ਵਡੇਰਿਆਂ ਦੀ ਪੂਜਾ ਕਰਦੇ ਉਸ ਨੂੰ ਕੱਟਦੇ ਸਨ। ਇਸ ਤੋਂ ਇਲਾਵਾ ਕੁਝ ਮੌਕੇ, ਮੁੰਡਨ, ਕੰਨ ਵਿੰਨ੍ਹਣਾ, ਵਿਆਹ ਆਦਿ ਸੰਸਕਾਰਾਂ ਦੇ ਵੀ ਹੁੰਦੇ ਸਨ। ਪੁਰਾਤਨ ਕਾਲ ਵਿਚ ਜਦੋਂ ਗਾਣਾ ਅਤੇ ਨਾਦ ਹੋਇਆ ਕਰਦਾ ਸੀ ਜਾਂ ਜਦੋਂ ਉਤਸਵ ਜਾਂ ਮੇਲੇ ਹੁੰਦੇ ਸਨ ਉਸ ਵਿਚ ਨੱਚਣਾ, ਗਾਉਣਾ ਹੀ ਉਤਸਵ ਦਾ ਮੁੱਖ ਅੰਗ ਹੁੰਦਾ ਸੀ। ਵਿਚਾਰ ਕਰਨ ਤੋਂ ਸਾਨੂੰ ਪਤਾ ਚਲਦਾ ਹੈ ਕਿ ਇਹ ਉਤਸਵ ਚਾਰ ਰਸਾਂ ਦੇ ਅੰਤਰਗਤ ਆਉਂਦੇ ਹਨ :

1. ਸ਼ਾਂਤ ਰਸ
2. ਵੀਰ ਰਸ
3. ਕਰੁਣ ਰਸ
4. ਸ਼ਿੰਗਾਰ ਰਸ

ਇਹ ਚਾਰ ਰਸ ਸੰਗੀਤ ਦੇ ਦੁਆਰਾ ਚੰਗੀ ਤਰ੍ਹਾਂ ਪ੍ਰਗਟਾਏ ਜਾ ਸਕਦੇ ਹਨ। ਪ੍ਰਾਚੀਨ ਕਾਲ ਵਿਚ ਵੀ ਇਨ੍ਹਾਂ ਭਿੰਨ ਭਿੰਨ ਪ੍ਰਕਾਰਾਂ ਦੇ ਉਤਸਵਾਂ ਨੂੰ ਭਿੰਨ ਭਿੰਨ ਭਾਵਾਂ ਅਤੇ ਰਸਾਂ ਦੇ ਕਾਰਣ ਭਿੰਨ ਭਿੰਨ ਢੰਗ ਨਾਲ ਪ੍ਰਗਟਾਉਣ ਦਾ ਵਿਚਾਰ ਜਾਗ੍ਰਿਤ ਹੋਇਆ। ਪਿੰਡਾਂ ਵਿਚ ਪਰਿਵਰਤਨ ਹੋਏ ਅਤੇ ਗਾਇਕਾ ਨੇ ਸਮੇਂ ਅਨੁਸਾਰ ਧੁਨਾਂ ਅਤੇ ਉਨ੍ਹਾਂ ਦੇ ਉਚਾਰਣ ਦੇ ਢੰਗਾਂ ਵਿਚ ਪਰਿਵਰਤਨ ਕੀਤੇ। ਸ਼ਿੰਗਾਰ ਰਸ ਦੇ ਨਾਚਾਂ ਵਿਚ ਕੁਝ ਲੋਚ ਅਤੇ ਚਿਹਰੇ ਦੇ ਮਧੁਰ ਭਾਵਾਂ ਵਿਚ ਤਰੱਕੀ ਹੋਈ।

ਵੀਰ ਪੂਜਾ ਦੇ ਨਾਚ ਵਿਚ ਉਛਲਣਾ, ਕੁੱਦਣਾ ਕੁਝ ਘੱਟ ਕਰ ਦਿੱਤਾ ਗਿਆ। ਸ਼ਿੰਗਾਰ ਅਤੇ ਸ਼ਾਂਤ ਰਸ ਅਨੁਸਾਰ ਕੁਝ ਨਵੇਂ ਸਾਜ਼ ਵੀ ਬਣੇ ਜਿਵੇਂ 'ਵੇਣ', 'ਪਣਵ', 'ਪਟਹ' ਆਦਿ। ਜਿਸ ਨਾਲ ਇਨ੍ਹਾਂ ਸਮਾਰੋਹਾਂ ਦੀ ਭਿੰਨਤਾ ਦੂਰ ਤੋਂ ਹੀ ਸਪੱਸ਼ਟ ਹੋਣ ਲੱਗੀ। ਕੁਝ ਸਮੇਂ ਤਕ ਇਸੇ ਤਰ੍ਹਾਂ ਹੀ ਥੋੜ੍ਹੇ ਹੇਰ-ਫੇਰ ਨਾਲ ਇਹ ਉਤਸਵ ਮਨਾਏ ਜਾਂਦੇ ਰਹੇ। ਇਸ ਦੌਰਾਨ ਸਮਾਜ ਦੀ ਰੂਪ-ਰੇਖਾ ਬਹੁਤ ਬਦਲ ਚੁੱਕੀ ਸੀ। ਸਾਰੇ ਲੋਕ ਚੰਗੇ ਘਰ ਬਣਾ ਕੇ ਰਹਿਣ ਲੱਗੇ। ਪਿੰਡਾਂ, ਕਸਬਿਆਂ ਸ਼ਹਿਰਾਂ ਵਿਚ ਰਹਿਣ ਦੀ ਇੱਛਾ ਵਧਦੀ ਜਾ ਰਹੀ ਸੀ। ਉਨ੍ਹਾਂ ਨੂੰ ਪ੍ਰਕ੍ਰਿਤੀ ਅਤੇ ਪੰਛੀਆਂ ਵਿਚ ਵੀ ਪ੍ਰੇਮ ਵਿਛੋੜਾ ਆਦਿ ਦੇ ਦ੍ਰਿਸ਼ ਦਿਖਾਈ ਦੇਣ ਲੱਗ ਪਏ ਸਨ। ਕਦੇ ਕਦੇ ਉਹ ਉਨ੍ਹਾਂ ਦੇ ਹਾਵਾਂ-ਭਾਵਾਂ ਦੇ ਆਕਰਸ਼ਿਤ ਹੋ ਕੇ ਉਨ੍ਹਾਂ ਦੀ ਨਕਲ ਕਰਨ ਦਾ ਯਤਨ ਕਰਦੇ. ਉਨ੍ਹਾਂ ਦੇ ਗੀਤ ਬਣਾ ਕੇ ਆਪਣੇ ਪ੍ਰੇਮ ਨੂੰ ਉਨ੍ਹਾਂ ਦੇ ਅਨੁਸਾਰ ਬਣਾਉਣ ਦਾ ਯਤਨ ਕਰਦੇ ਸਨ। ਇਸ ਤਰ੍ਹਾਂ ਦੇ ਉਦਾਹਰਣ ਉਨ੍ਹਾਂ ਨੂੰ ਚਾਤ੍ਰਿਕ, ਪਪੀਹਾ, ਕੋਇਲ ਆਦਿ ਵਿਚ ਕਾਫ਼ੀ ਮਾਤਰਾ ਵਿਚ ਮਿਲਦੇ ਰਹੇ। ਮਿਲਨ ਦੇ ਗੀਤ ਤੋਂ ਬਾਅਦ ਵਿਛੋੜੇ ਦੇ ਗੀਤਾਂ ਦੀ ਲੋੜ ਮਹਿਸੂਸ ਹੋਣ ਲੱਗ ਪਈ ਅਤੇ ਦੋ ਪ੍ਰੇਮੀਆਂ ਦਾ ਵਿਛੋੜਾ ਭਾਵੇਂ ਦੂਰ ਹੋਣ ਕਾਰਣ ਹੋਇਆ ਹੋਵੇ ਜਾਂ ਦੋਹਾਂ ਵਿਚੋਂ ਕਿਸੇ ਇਕ ਦੀ ਮੌਤ ਹੋਈ ਹੋਵੇ, ਇਸੇ ਸ਼ੋਕ ਭਾਵ ਵਿਚ ਉਨ੍ਹਾਂ ਦੇ ਮੂੰਹਾਂ ਵਿਚੋਂ ਨਿਕਲਿਆ ਹੋਇਆ ਉਹ ਵਿਯੋਗ ਗੀਤ ਬਣ ਗਿਆ।

Sri Satguru Jagjit Singh Ji Elibrary NamdhariElibrary@gmail.com

ਇਸੇ ਤਰ੍ਹਾਂ ਦੇ ਗੀਤਾਂ ਦੀਆਂ ਧੁਨਾਂ ਵੀ ਸੀ। ਧੁਨ ਭਾਵੇਂ ਇਕ ਦੁਆਰਾ ਗਾਈ ਜਾਣ ਵਾਲੀ ਹੋਵੇ ਜਾਂ ਸਮੂਹ ਦੁਆਰਾ ਗਾਈ ਜਾਣ ਵਾਲੀ ਹੋਵੇ, ਉਹ ਵਿਯੋਗ ਦੇ ਨਾਲ ਓਤ-ਪੋਤ ਹੁੰਦੀ ਸੀ। ਇਨ੍ਹਾਂ ਧੁਨਾਂ ਨੂੰ ਸੁਣ ਕੇ ਇੰਜ ਲਗਦਾ ਸੀ ਕਿ ਜਿਵੇਂ ਕੋਈ ਕਿਸੇ ਦੀ ਬੜੀ ਵਿਆਕੁਲਤਾ ਦੇ ਨਾਲ ਯਾਦ ਕਰ ਰਿਹਾ ਹੋਵੇ। ਕਦੇ ਕਦੇ ਇੰਜ ਮਹਿਸੂਸ ਹੁੰਦਾ ਸੀ ਜਿਵੇਂ ਇਨ੍ਹਾਂ ਦੀ ਕੋਈ ਬੜੀ ਲੰਬੀ ਦਰਦ ਭਰੀ ਕਹਾਣੀ ਹੋਵੇ, ਜਿਸ ਨੂੰ ਉਹ ਅੰਦਰ ਹੀ ਅੰਦਰ ਸੰਜੋ ਕੇ ਰਖਣਾ ਚਾਹੁੰਦੇ ਹੋਣ।

ਉਪਰ ਲਿਖੇ ਭਿੰਨ ਭਿੰਨ ਪ੍ਰਕਾਰ ਦੇ ਗੀਤਾਂ ਵਿਚ ਭਿੰਨ ਭਿੰਨ ਪ੍ਰਾਂਤਾਂ ਦੀ ਪ੍ਰਕ੍ਰਿਤੀ, ਬੋਲਚਾਲ, ਰਹਿਣ ਸਹਿਣ, ਪਹਿਰਾਵੇ ਦਾ ਅੰਤਰ ਵੀ ਅਸਰ ਪਾਉਂਦਾ ਰਿਹਾ। ਭਿੰਨ ਪ੍ਰਦੇਸ਼ਾਂ ਵਿਚ ਰਹਿਣ ਵਾਲੇ ਵਿਅਕਤੀਆਂ ਨੂੰ ਜਿਸ ਪ੍ਰਕਾਰ ਦਾ ਪ੍ਰਾਕ੍ਰਿਤਕ ਵਾਤਾਵਰਣ ਮਿਲਿਆ ਉਸੀ ਦੇ ਅਨੁਸਾਰ ਉਨ੍ਹਾਂ ਦੀ ਬੋਲਚਾਲ, ਪਹਿਰਾਵੇ ਅਤੇ ਆਚਾਰ ਵਿਹਾਰ ਵਿਚ ਪਰਿਵਰਤਨ ਹੋਣ ਲੱਗਾ। ਸੰਗੀਤ ਨੂੰ ਪ੍ਰਕ੍ਰਿਤੀ ਤੋਂ ਪ੍ਰੇਰਿਤ ਹੋ ਕੇ ਮਨੁੱਖ ਦੇ ਭਾਵਾਂ ਅਨੁਸਾਰ ਹੀ ਹੋਣਾ ਚਾਹੀਦਾ ਹੈ। ਇਸ ਲਈ ਹਰ ਪ੍ਰਦੇਸ਼ ਦੀਆਂ ਧੁਨਾਂ ਵਿਚ ਪਰਿਵਰਤਨ ਅਤੇ ਨਵੀਆਂ ਧੁਨਾਂ ਦੀ ਖੋਜ ਹੋਈ। ਇਹ ਨਵੀਆਂ ਧੁਨਾਂ ਕੁਝ ਤਾਂ ਪ੍ਰਦੇਸ਼ਿਕ ਨਾਂ ਤੋਂ ਪ੍ਰਸਿੱਧ ਹੋਈਆਂ ਜਿਸ ਤਰ੍ਹਾਂ 'ਮੁਲਤਾਨੀ', 'ਗੁਜਰੀ', 'ਮਾਲਵ', 'ਜੋਨਪੁਰੀ' ਆਦਿ ਅਤੇ ਕੁਝ ਦੇ ਦੇਸ਼, ਕਾਲ ਅਵੱਸਥਾ ਦੇ ਆਧਾਰ ਤੇ ਨਾਂ ਰਖੇ ਗਏ ਜਿਵੇਂ 'ਮਾਂਡ', 'ਆਸਾ', 'ਕਜਰੀ', 'ਚੇਤੀ', 'ਹੋਰੀ', 'ਬਿਰਹਾ', 'ਫਾਗ', ਬਾਰਹਮਾਹ', 'ਪੂਰਵੀ', ਆਦਿ। ਇਸ ਪ੍ਰਕਾਰ ਲੋਕ ਗੀਤਾਂ ਦਾ ਖੇਤਰ ਪਹਿਲੇ ਤੋਂ ਜ਼ਿਆਦਾ ਵੱਧ ਗਿਆ। ਉਪਰ ਲਿਖੇ ਚਾਰ ਰਸਾਂ ਨੂੰ ਪੈਦਾ ਕਰਦੇ ਹੋਏ ਨੱਚਣ ਗਾਉਣ, ਵਿਚ ਨਵੇਂ ਪ੍ਰਕਾਰ ਦੀਆਂ ਨਵੀਆਂ ਧੁਨਾਂ ਪ੍ਰਚੱਲਿਤ ਹੋਈਆਂ। ਜਿਸ ਤਰ੍ਹਾਂ ਗੁਜਰਾਤ ਦਾ 'ਗਰਬਾ ਨਾਚ' ਅਤੇ ਹੋਰ ਗੀਤ ਨਵੇਂ ਰੂਪ ਵਿਚ ਸਮਾਜ ਦੇ ਸਾਹਮਣੇ ਆਏ।

ਪੰਜਾਬ ਦੇ ਪਿੰਡਾਂ ਦੇ ਗੀਤਾਂ ਦੇ ਸੁਰਾਂ ਵਿਚ ਖਟਕਾ ਅਤੇ ਮੁਰਕੀਆਂ ਦੇ ਕਾਰਣ ਸ੍ਰੋਤਿਆਂ ਦੇ ਮਨ ਵਿਚ ਇਕ ਪ੍ਰਕਾਰ ਦੀ ਤੜਪ ਪੈਦਾ ਹੋ ਜਾਂਦੀ ਹੈ। ਅਜਿਹਾ ਲਗਦਾ ਹੈ ਜਿਵੇਂ ਸੁਰਾਂ ਦੁਆਰਾ ਕਿਸੇ ਨਾਲ ਛੇੜ-ਛਾੜ ਕੀਤੀ ਜਾ ਰਹੀ ਹੋਵੇ। ਬੰਗਾਲ ਦੇ ਲੋਕਾਂ ਵਿਚ, ਕਿਤੇ ਤਾਂ ਪ੍ਰਾਚੀਨ ਰੀਤੀਆਂ ਦੇ ਅਨੁਸਾਰ ਉਛਲਣਾ ਕੁੱਦਣਾ ਪਾਇਆ ਜਾਂਦਾ ਹੈ ਅਤੇ ਕਿਤੇ ਕਿਤੇ ਸੁਰਾਂ ਵਿਚ ਸੁੰਦਰ 'ਮੀਂਢ' ਰਾਹ ਜਾਂਦੇ ਮੁਸਾਫ਼ਰ ਨੂੰ ਆਪਣੀ ਤਰਫ ਖਿਚ ਲੈਂਦੀ ਹੈ।

ਉੱਤਰ ਪ੍ਰਦੇਸ਼ ਅਤੇ ਬਿਹਾਰ ਵਿਚ ਕਰੁਣਾ ਰਸ ਦੇ ਗੀਤ ਜ਼ਿਆਦਾ ਸੁਣਾਈ ਦਿੰਦੇ ਹਨ। ਇਨ੍ਹਾਂ ਪ੍ਰਾਂਤਾਂ ਦੇ ਪਿੰਡਾਂ ਦੀਆਂ ਧੁਨਾਂ ਨੂੰ ਸੁਣ ਕੇ ਦਿਲ ਖ਼ੁਸ਼ ਹੋ ਜਾਂਦਾ ਹੈ।

ਜੇ ਭਾਰਤੀ ਲੋਕ ਸੰਗੀਤ ਦੇ ਸੰਬੰਧ ਵਿਚ ਪੂਰੀ ਖੋਜ ਕੀਤੀ ਜਾਵੇ ਤਾਂ ਬਹੁਤ ਅਜਿਹੀਆਂ ਨਵੀਆਂ ਚੀਜ਼ਾ ਦਾ ਪਤਾ ਲੱਗ ਸਕਦਾ ਹੈ ਜਿਹੜੀਆਂ ਅਜੇ ਸਾਨੂੰ ਨਹੀਂ ਪਤਾ। ਸੰਗੀਤ ਦਾ ਸੰਬੰਧ ਸੰਸਕ੍ਰਿਤੀ ਨਾਲ ਹੈ ਅਤੇ ਸੰਸਕ੍ਰਿਤੀ ਦੇਸ਼ ਦਾ ਸ਼ੀਸ਼ਾ ਹੁੰਦੀ ਹੈ। ਖੋਜਣ ਤੇ ਸਾਡੀ ਪ੍ਰਾਚੀਨ ਸੱਭਿਅਤਾ ਦਾ ਬਹੁਤ ਕੁਝ ਪ੍ਰਮਾਣ ਲੋਕ ਸੰਗੀਤ ਵਿਚ ਮਿਲ ਸਕਦਾ ਹੈ।

ਲੋਕ ਗੀਤਾਂ ਵਿਚ ਸੰਗੀਤ ਦੇ ਅੰਦਰ ਭਿੰਨ ਧਾਰਾਵਾਂ ਵਿਖਾਈ ਦਿੰਦੀਆਂ ਹਨ। ਇਕ

Sri Satguru Jagjit Singh Ji Elibrary NamdhariElibrary@gmail.com

ਧਾਰਾ ਉਨ੍ਹਾਂ ਗੀਤਾਂ ਦੀਆਂ ਧੁਨਾਂ ਦੇ ਰੂਪ ਵਿਚ ਤਰੰਗਤ ਹੁੰਦੀ ਹੈ ਦੂਸਰੀ ਭਿੰਨ ਸਾਜ਼ਾਂ ਦੀ ਸੁਰ ਤਾਲ ਅਤੇ ਲੈਅ ਲਹਿਰੀਆਂ ਦਾ ਰੂਪ ਧਾਰਨ ਕਰਦੀ ਹੈ। ਭਾਵੇਂ ਇਹ ਦੋਵੇਂ ਧਾਰਾਵਾਂ ਇਕੱਠੀਆਂ ਹਨ, ਪਰ ਫਿਰ ਵੀ ਇਨ੍ਹਾਂ ਨੂੰ ਕਦੇ ਕਦੇ ਸੁਤੰਤਰ ਰੂਪ ਵਿਚ ਪ੍ਰਗਟਾਇਆ ਜਾਂਦਾ ਹੈ। ਇਸੇ ਤਰ੍ਹਾਂ ਲੋਕ ਗੀਤਾਂ ਦੀਆਂ ਧੁਨਾਂ ਆਪਣੀ ਸਰਲਤਾ ਅਤੇ ਆਪਣੀ ਸੁਭਾਵਿਕਤਾ ਦੇ ਕਾਰਣ ਇੰਨੀਆਂ ਪ੍ਰਭਾਵਸ਼ਾਲੀ ਹੁੰਦੀਆਂ ਹਨ ਕਿ ਇਨ੍ਹਾਂ ਨੂੰ ਸੁਣ ਕੇ ਸ੍ਰੋਤੇ ਉਸ ਵਿਚ ਮਸਤ ਹੋ ਜਾਂਦੇ ਹਨ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਦਾ ਡੂੰਘਾ ਸਾਗਰ ਸੁਰਾਂ ਦੇ ਨਾਲ ਹਿਲੋਰੇ ਲੈਣ ਲਗਦਾ ਹੈ। ਅਜਿਹਾ ਕਿਹੜਾ ਹੋਵੇਗਾ ਜਿਹੜਾ ਬਿਹਾਰ ਦਾ ਬਿਰਹਾ, ਉੱਤਰ ਪ੍ਰਦੇਸ਼ ਦਾ ਬਾਰਹਮਾਹ, ਪੰਜਾਬ ਦਾ ਹੀਰ ਰਾਂਝਾ ਆਦਿ ਦੀਆਂ ਧੁਨਾਂ ਨੂੰ ਸੁਣ ਕੇ ਪਿਘਲ ਨਾ ਸਕੇ। ਅਜਿਹਾ ਮਨੁੱਖ ਕਿਹੜਾ ਹੋਵੇਗਾ ਜਿਹੜਾ ਉੱਤਰ ਪ੍ਰਦੇਸ਼ ਦੇ ਚਰਵਾਹਿਆਂ ਦੀ ਅਤੇ ਬੰਗਾਲ ਦੇ ਮਾਝੀਆਂ ਦੀ ਬੰਸਰੀ, ਮਹਾਂਰਾਸ਼ਟਰ ਵਿਚ 'ਕੋਂਕਣ' ਦੀ ਤਰਫ ਰਹਿਣ ਵਾਲੇ 'ਵਾਰਲੀ', ਜਾਤੀ ਦੇ ਲੋਕਾਂ ਦੇ ਸਾਜ਼ 'ਤਾਰਪੀ' ਆਦਿ ਸੁਣ ਕੇ ਮੋਹਿਤ ਨਾ ਹੋ ਜਾਵੇ। ਅਜਿਹਾ ਕਿਹੜਾ ਮਨੁੱਖ ਹੋਵੇਗਾ ਜੋ ਬੰਗਾਲ ਦੇ 'ਜਾਤਰਾ', ਉੱਤਰ ਪ੍ਰਦੇਸ਼ ਦੀ 'ਨੌਟੰਕੀ', ਮਹਾਂਰਾਸ਼ਟਰ ਦੇ 'ਤਮਾਸ਼ਾ' ਆਦਿ ਦੇ ਤਾਲ ਯੰਤਰਾਂ ਦੇ ਆਕਰਸ਼ਣ ਨਾਲ ਨਾ ਖਿਚਿਆ ਗਿਆ ਹੋਵੇ। ਲੋਕ ਸੰਗੀਤ ਦਾ ਆਕਰਸ਼ਣ ਆਦਿ ਕਾਲ ਤੋਂ ਮਨੁੱਖ ਉੱਤੇ ਪ੍ਰਭਾਵ ਪਾਉਂਦਾ ਚਲਿਆ ਆਇਆ ਹੈ ਅਤੇ ਜਦ ਤਕ ਇਹ ਸ੍ਰਿਸ਼ਟੀ ਰਹੇਗੀ ਉਦੋਂ ਤਕ ਇਸ ਦਾ ਪ੍ਰਭਾਵ ਰਹੇਗਾ।

---

Sri Satguru Jagjit Singh Ji Elibrary NamdhariElibrary@gmail.com

I

# ਲੋਕ ਗੀਤਾਂ ਵਿਚ ਸਾਜ਼ਾਂ ਦੀ ਮਹੱਤਤਾ

ਪਹਿਲਾਂ ਇਹ ਦੱਸਿਆ ਜਾ ਚੁੱਕਾ ਹੈ ਕਿ ਲੋਕ ਸੰਗੀਤ ਵਿਚ ਦੋ ਧਾਰਾਵਾਂ ਹੁੰਦੀਆਂ ਹਨ । ਇਕ ਧੁਨ ਦੀ ਅਤੇ ਦੂਜੀ ਉਸ ਦੇ ਸਾਜ਼ਾਂ ਦੀ। ਲੋਕ ਸੰਗੀਤ ਦੇ ਸਾਜ਼ਾਂ ਦਾ ਮਹੱਤਵ ਸ਼ਾਸਤਰੀ ਸੰਗੀਤ ਨਾਲੋਂ ਜ਼ਿਆਦਾ ਹੈ । ਵਿਸ਼ੇਸ਼ ਰੂਪ ਨਾਲ ਤਾਲ ਸਾਜ਼ਾਂ ਦਾ ਜਿਨ੍ਹਾਂ ਦੇ ਅੰਦਰ ਘਣ ਅਤੇ ਅਵਨਧ ਵਰਗਾਂ ਦੇ ਸਾਜ਼ ਆਦਿ ਆਉਂਦੇ ਹਨ ।

ਭਾਵੇਂ ਲੋਕ ਗੀਤ ਹੋਵੇ ਭਾਵੇਂ ਲੋਕ ਨਾਚ, ਸਾਜ਼ਾਂ ਦੀ ਲੋੜ ਦੋਹਾਂ ਲਈ ਸਮਾਨ ਹੁੰਦੀ ਹੈ । ਲੋਕ ਗੀਤਾਂ ਅਤੇ ਲੋਕ ਨਾਚਾਂ ਵਿਚ ਜਾਨ ਪਾਉਣ ਵਾਲੇ ਸਾਜ਼ ਹੀ ਹੁੰਦੇ ਹਨ, ਜਿਨ੍ਹਾਂ ਤੋਂ ਬਿਨਾਂ ਗਾਉਣਾ ਅਤੇ ਨੱਚਣਾ ਨਿਰਜੀਵ ਪ੍ਰਤੀਤ ਹੁੰਦੇ ਹਨ । ਜਿਸ ਸਮੇਂ ਫਾਗ ਵਿਚ ਢੋਲਕ, ਨੌਟੰਕੀ ਵਿਚ 'ਨਗਾਰਾ' ਅਤੇ ਤਮਾਸ਼ੇ ਵਿਚ ਢੋਲਕੀ, ਕਹਾਰਾਂ ਦੇ ਗਾਣ ਵਿਚ ਹੁੜਕ ਵਜ ਉਠਦੇ ਹਨ ਤਾਂ ਲੈਅ ਦੇ ਮਸਤ ਝੋਂਕੇ ਮਨੁੱਖ ਦੇ ਅੰਗ ਅੰਗ ਨੂੰ ਝੂਮਾ ਦਿੰਦੇ ਹਨ। ਸ੍ਰੋਤੇ ਘੰਟਿਆਂ ਤਕ ਹੀ ਖੋਏ ਖੋਏ ਰਹਿੰਦੇ ਹਨ । ਦਰਖ਼ਤ, ਪੱਤਿਆਂ ਦੀ ਭਾਂਤ ਝੂਮਦਾ ਰਹਿੰਦਾ ਹੈ। ਲੋਕ ਨਾਚ ਵਿਚ ਤਾਂ ਇਹ ਸਥਿਤੀ ਆਪਣੀ ਸਿਖਰ ਟੀਸੀ ਤੇ ਪਹੁੰਚ ਜਾਂਦੀ ਹੈ । ਪੰਜਾਬ ਦੇ ਭੰਗੜੇ ਦਾ ਢੋਲ ਤੇ ਚਿਮਟਾ, ਗੁਜਰਾਤ ਦੇ ਗਰਬੇ ਦੀਆਂ ਡਾਂਡੀਆਂ ਦੇ ਡੰਡੇ, ਬੰਗਾਲ ਅਤੇ ਬਿਹਾਰ ਦੇ ਭੀਲ ਅਤੇ ਸਥਾਲੀ ਨਾਚ ਦੇ ਮਾਦਲ, ਛਤੀਸਗੜ੍ਹ ਦੇ ਗੌਂਡ, ਮਾੜੀਆ, ਸਿਲ ਆਦਿ ਦੀਆਂ ਆਵਾਜ਼ਾਂ ਦਾ ਜ਼ੋਰ ਜਦੋਂ ਹੌਲੀ ਹੌਲੀ ਵਧਣ ਲਗਦਾ ਹੈ ਤਾਂ ਇਨ੍ਹਾਂ ਨਾਚਿਆਂ ਦੇ ਨਾਲ ਨਾਲ ਦਰਸ਼ਕਾਂ ਦੇ ਮਨ ਵੀ ਉਛਲਣ ਲਗਦੇ ਹਨ । ਉਸ ਵੇਲੇ

Sri Satguru Jagjit Singh Ji Elibrary NamdhariElibrary@gmail.com

ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਭਗਵਾਨ ਸ਼ੰਕਰ ਦੀ ਤਾਲ ਉੱਤੇ ਸਾਰਾ ਬ੍ਰਹਿਮੰਡ ਨਚ ਰਿਹਾ ਹੋਵੇ।

**ਸਾਜ਼ਾਂ ਦਾ ਵਰਗੀਕਰਣ**

ਸਾਰੇ ਭਾਰਤੀ ਸਾਜ਼ਾਂ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ ਅਤੇ ਚਾਰੋਂ ਵਰਗਾਂ ਦੇ ਸਾਜ਼ ਲੋਕ ਸੰਗੀਤ ਵਿਚ ਭਲੀ ਭਾਂਤੀ ਪ੍ਰਯੋਗ ਹੁੰਦੇ ਹਨ :

1. ਅਵਨਧ ਸਾਜ਼
2. ਤੱਤ ਸਾਜ਼
3. ਸੁਸ਼ਿਰ ਸਾਜ਼
4. ਘਣ ਸਾਜ਼

**1. ਅਵਨਧ ਸਾਜ਼**

ਇਸ ਦੇ ਅੰਤਰਗਤ ਚਮੜੇ ਦੇ ਮੜ੍ਹੇ ਹੋਏ ਸਾਜ਼ ਆਉਂਦੇ ਹਨ। ਜਿਵੇਂ : ਡਫ਼, ਤਬਲਾ, ਨਗਾਰਾ, ਢੋਲਕ, ਢੋਲ ਆਦਿ।

**2. ਤੱਤ ਸਾਜ਼**

ਤੱਤ ਵਰਗ ਦੇ ਅੰਦਰ ਉਹ ਸਾਜ਼ ਆਉਂਦੇ ਹਨ, ਜਿਨ੍ਹਾਂ ਉੱਤੇ ਪਿੱਤਲ, ਲੋਹੇ, ਤਾਂਬੇ ਆਦਿ ਦੀਆਂ ਤਾਰਾਂ ਲਗੀਆਂ ਹੁੰਦੀਆਂ ਹਨ। ਜਿਵੇਂ : ਸਿਤਾਰ, ਸਰੋਦ, ਤੂੰਬੀ, ਤਾਨਪੂਰਾ, ਵੀਣਾ ਆਦਿ।

**3. ਸੁਸ਼ਿਰ ਸਾਜ਼**

ਸੁਸ਼ਿਰ ਵਰਗ ਅੰਦਰ ਉਹ ਸਾਜ਼ ਆਉਂਦੇ ਹਨ ਜਿਨ੍ਹਾਂ ਨੂੰ ਫੂਕ ਜਾਂ ਹਵਾ ਰਾਹੀਂ ਵਜਾਇਆ ਜਾਂਦਾ ਹੈ। ਜਿਵੇਂ : ਬੰਸਰੀ, ਨਗੋਜ਼ੇ, ਸ਼ਹਿਨਾਈ, ਸੰਖ, ਕਲਾਰਨੈਟ ਆਦਿ।

**4. ਘਣ ਸਾਜ਼**

ਘਣ ਸਾਜ਼ ਦੇ ਅੰਦਰ ਅਜਿਹੇ ਸਾਜ਼ ਆਉਂਦੇ ਹਨ ਜੋ ਕਿ ਆਪਸ ਵਿਚ ਟਕੋਰ ਮਾਰ ਕੇ ਵਜਾਏ ਜਾਣ। ਜਿਵੇਂ : ਛੈਣੇ, ਖੜਤਾਲ, ਮੰਜੀਰੇ, ਘੰਟੇ, ਘੜਿਆਲ, ਘੁੰਘਰੂ ਆਦਿ।

---

Sri Satguru Jagjit Singh Ji Elibrary NamdhariElibrary@gmail.com

II

# ਸਾਜ਼ਾਂ ਦਾ ਵਿਕਾਸ ਅਤੇ ਵੰਡ

ਆਦਿ ਕਾਲ ਤੋਂ ਹੀ ਭਾਰਤੀ ਸੰਗੀਤ ਵਿਚ ਸਾਜ਼ਾਂ ਦਾ ਇਕ ਮੁੱਖ ਸਥਾਨ ਰਿਹਾ ਹੈ। ਮਨੁੱਖ ਨੇ ਜਦੋਂ ਬੋਲਣਾ ਸਿਖਿਆ ਤਾਂ ਉਸ ਦੀ ਸੱਭਿਅਤਾ ਦੇ ਨਾਲ ਨਾਲ ਸੰਗੀਤ ਦਾ ਰੂਪ ਵੀ ਉਹਦੇ ਸਾਹਮਣੇ ਆ ਗਿਆ ਚਾਹੇ ਉਹ ਕਿਸੇ ਰੂਪ ਵਿਚ ਵੀ ਸੀ। ਗਾਇਨ ਦੀ ਸੰਗਤ ਦੇ ਰੂਪ ਵਿਚ ਵੀ ਸਾਜ਼ ਹੋਂਦ ਵਿਚ ਆਏ ਹੋਣਗੇ। ਵਿਦਵਾਨਾਂ ਦਾ ਮੱਤ ਹੈ ਕਿ ਸਭ ਤੋਂ ਪਹਿਲਾਂ ਮਨੁੱਖ ਨੇ ਜ਼ਮੀਨ ਵਿਚ ਇਕ ਗੜ੍ਹਾ ਖੋਦ ਕੇ ਉਸ ਦੇ ਉਪਰ ਖੱਲ ਮੜ੍ਹ ਦਿੱਤੀ ਜਿਸ ਤੋਂ ਇਕ ਪ੍ਰਕਾਰ ਦੀ ਧੁਨੀ ਪੈਦਾ ਹੋਈ। ਰਾਮਾਇਣ, ਮਹਾਂਭਾਰਤ ਕਾਲ ਵਿਚ ਸਾਨੂੰ ਅਨੇਕ ਸਾਜ਼ਾਂ ਦਾ ਵਰਣਨ ਮਿਲਦਾ ਹੈ ਅਤੇ ਵੈਦਿਕ ਕਾਲ ਵਿਚ ਵੀ ਦੁਦੰਭੀ, ਮਿਰਦੰਗ, ਡਿਮਡਿਮ, ਢੋਲ, ਨਗਾੜਾ, ਭੇਰੀ, ਬੰਸੀ ਆਦਿ ਸਾਜ਼ਾਂ ਦਾ ਉਲੇਖ ਮਿਲਦਾ ਹੈ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਜਿਵੇਂ ਜਿਵੇਂ ਮਨੁੱਖ ਨੇ ਵਿਕਾਸ ਕੀਤਾ ਤਿਵੇਂ ਤਿਵੇਂ ਉਸ ਨੇ ਸਾਜ਼ਾਂ ਨੂੰ ਵੀ ਵਿਕਸਿਤ ਰੂਪ ਪ੍ਰਦਾਨ ਕੀਤਾ। ਜਿਸ ਦੇ ਨਤੀਜੇ ਵਜੋਂ ਅੱਜ ਦਾ ਆਧੁਨਿਕ ਯੁਗ ਸਾਜ਼ਾਂ ਦਾ ਯੁਗ ਬਣ ਗਿਆ ਹੈ। ਸ਼ਾਰੰਗ ਦੇਵ ਦੇ ਲਿਖੇ ਗ੍ਰੰਥ ਸੰਗੀਤ ਰਤਨਾਕਰ ਦੇ ਆਧਾਰ ਤੇ ਭਾਰਤੀ ਸਾਜ਼ਾਂ ਦੇ ਚਾਰ ਮੁੱਖ ਭਾਗ ਮੰਨੇ ਗਏ ਹਨ :

1. ਅਵਨਧ ਸਾਜ਼
2. ਤੱਤ ਸਾਜ਼
3. ਸੁਸ਼ਿਰ ਸਾਜ਼
4. ਘਣ ਸਾਜ

Sri Satguru Jagjit Singh Ji Elibrary NamdhariElibrary@gmail.com

# 1. ਅਵਨਧ ਸਾਜ਼

ਵਿਦਵਾਨਾਂ ਦੇ ਮੱਤ ਅਨੁਸਾਰ ਸੰਗੀਤ ਇਤਿਹਾਸ ਵਿਚ ਤਾਲ ਸਾਜ਼ਾਂ ਦਾ ਜਨਮ ਸਭ ਤੋਂ ਪਹਿਲਾਂ ਦਾ ਮੰਨਿਆ ਜਾਂਦਾ ਹੈ। ਕਾਰਣ ਇਹ ਹੈ ਕਿ ਲੈਅ ਪ੍ਰਕ੍ਰਿਤੀ ਵਿਚ ਸਭ ਜਗ੍ਹਾ ਮੌਜੂਦ ਹੈ ਅਤੇ ਹਰੇਕ ਵਸੂਤ ਲੈਅ ਉੱਤੇ ਆਧਾਰਿਤ ਹੈ। ਮਨੁੱਖ ਨੇ ਸਭ ਤੋਂ ਪਹਿਲਾਂ ਹੱਥ ਨਾਲ ਤਾਲੀ ਵਜਾਈ ਹੋਵੇਗੀ ਅਤੇ ਉਸ ਤੋਂ ਪਿੱਛੋਂ ਤਾਲ ਨੂੰ ਪ੍ਰਦਰਸ਼ਿਤ ਕਰਨ ਲਈ ਸਾਜ਼ਾਂ ਦੀ ਲੋੜ ਮਹਿਸੂਸ ਕੀਤੀ ਹੋਵੇਗੀ। ਰਿਗ ਵੇਦ, ਅਥਰ ਵੇਦ ਵਿਚ ਸਾਨੂੰ ਦੁਦੰਭੀ, ਆਦੰਬਰ ਅਤੇ ਆਘਾਤੀ ਸਾਜ਼ ਆਦਿ ਸਾਜ਼ਾਂ ਦਾ ਉਲੇਖ ਮਿਲਦਾ ਹੈ। ਜੇਕਰ ਅਸੀਂ ਸ਼ਿਵ ਜੀ ਨੂੰ ਤਾਲ ਅਤੇ ਲੈਅ ਦਾ ਮੋਢੀ ਸਮਝ ਲਈਏ ਤਾਂ ਕੋਈ ਸ਼ੰਕੇ ਵਾਲੀ ਗੱਲ ਨਹੀਂ ਕਿਉਂ ਜੋ ਸ਼ਿਵ ਜੀ ਦੇ ਸਰੂਪ ਨੂੰ ਅਸੀਂ ਹਮੇਸ਼ਾਂ ਤਾਲ, ਸਾਜ਼ ਡਮਰੂ ਦੇ ਨਾਲ ਪ੍ਰਤੱਖ ਰੂਪ ਵਿਚ ਵੇਖਦੇ ਹਾਂ। ਕਿਹਾ ਜਾਂਦਾ ਹੈ ਕਿ ਭਗਵਾਨ ਸ਼ੰਕਰ ਨੇ ਚੌਦਾਂ ਵਾਰ ਡਮਰੂ ਵਜਾਇਆ ਜਿਸ ਤੋਂ ਚੌਦਾਂ ਮਹੇਸ਼ਵਰ ਸੂਤਰਾਂ ਦੀ ਉਤਪਤੀ ਹੋਈ ਮੰਨੀ ਜਾਂਦੀ ਹੈ। ਚੌਦਾਂ ਮਹੇਸ਼ਵਰ ਸੂਤਰਾਂ ਵਿਚ ਤਾਲ ਅੱਖਰਾਂ ਦੀ ਇਕ ਵਿਸ਼ੇਸ਼ ਲੜੀ ਹੈ, ਜਿਸ ਦਾ ਵਿਆਕਰਣ ਦੀ ਦ੍ਰਿਸ਼ਟੀ ਨਾਲ ਬਹੁਤ ਮਹੱਤਵ ਹੈ। ਅੱਜ ਭਾਰਤ ਵਿਚ ਡਮਰੂ ਤੋਂ ਹੀ ਵਿਕਸਿਤ ਹੋਏ ਪ੍ਰਮੁੱਖ ਤਾਲ ਸਾਜ਼ਾਂ ਦਾ ਰੂਪ ਅਸੀਂ ਤਬਲਾ, ਪਖਾਵਜ, ਨਗਾੜਾ, ਢੋਲ, ਤਾਸ਼ਾ, ਨਾਲ ਢੋਲਕ, ਡਫ਼, ਤਬਲ, ਖੰਜਰੀ, ਖੋਲ, ਮਿਰਦੰਗ, ਹੁੜਕ, ਡਮਰੂ, ਡੁਗਡੁਗੀ, ਘੁਟਸ ਆਦਿ ਵਿਚ ਬਦਲਿਆ ਹੋਇਆ ਵੇਖਦੇ ਹਾਂ। ਦੱਖਣੀ ਭਾਰਤ ਅਤੇ ਪੰਜਾਬ ਵਿਚ ਘੜਾ ਵੀ ਤਾਲ ਸਾਜ਼ ਦੇ ਰੂਪ ਵਿਚ ਵਰਤੋਂ ਵਿਚ ਲਿਆਇਆ ਜਾਂਦਾ ਹੈ।

Sri Satguru Jagjit Singh Ji Elibrary NamdhariElibrary@gmail.com

# (ੳ) ਢੋਲ

ਪੰਜਾਬ ਵਿਚ ਚਮੜੇ ਦੇ ਮੜ੍ਹੇ ਹੋਏ ਜਿੰਨੇ ਵੀ ਸਾਜ਼ਾਂ ਦੀ ਵਰਤੋਂ ਹੁੰਦੀ ਹੈ ਉਨ੍ਹਾਂ ਸਾਰਿਆਂ ਸਾਜ਼ਾਂ ਵਿਚੋਂ ਢੋਲਕੀ ਅਤੇ ਢੋਲ ਦਾ ਸਭ ਤੋਂ ਮਹੱਤਵਪੂਰਣ ਸਥਾਨ ਹੈ। ਢੋਲ ਢੋਲਕੀ ਦਾ ਹੀ ਇਕ ਵੱਡਾ ਰੂਪ ਹੈ। ਜਿਵੇਂ ਕਿ ਸਿਤਾਰ ਦਾ ਵੱਡਾ ਰੂਪ ਸੁਰਬਹਾਰ ਅਤੇ ਵਾਇਲਿਨ ਦਾ ਵੱਡਾ ਰੂਪ ਬੇਸ (Base) ਬਣ ਜਾਂਦਾ ਹੈ ਉਸੀ ਤਰ੍ਹਾਂ ਢੋਲ, ਵੀ ਢੋਲਕੀ ਦਾ ਇਕ ਵੱਡਾ ਰੂਪ ਹੈ। ਅਸੀਂ ਇਹ ਆਖ ਸਕਦੇ ਹਾਂ ਕਿ ਪੰਜਾਬ ਵਿਚ ਤੀਵੀਆਂ ਦਾ ਸਾਜ਼ ਢੋਲਕੀ ਹੈ ਅਤੇ ਮਰਦਾਂ ਦਾ ਸਾਜ਼ ਢੋਲ ਹੈ।

ਢੋਲ ਪੰਜਾਬ ਦੇ ਲੋਕ ਨਾਚਾਂ ਜਿਵੇਂ ਭੰਗੜਾ, ਗਿੱਧਾ ਆਦਿ ਨਾਲ ਵਜਾਇਆ ਜਾਂਦਾ ਹੈ। ਭੰਗੜਾ ਤਾਂ ਢੋਲ ਤੋਂ ਬਿਨਾਂ ਉੱਕਾ ਹੀ ਨਹੀਂ ਪੈ ਸਕਦਾ। ਪੰਜਾਬ ਦੇ ਕਿਰਸਾਣਾਂ ਦਾ ਇਹ ਮਨ ਭਾਉਂਦਾ ਸਾਜ਼ ਹੈ। ਪਿੰਡ ਵਿਚ ਜੇ ਢੋਲ ਵਜਦਾ ਹੋਵੇ ਤਾਂ ਹਰੇਕ ਨੌਜਵਾਨ ਦੀ ਅੱਡੀ ਭੰਗੜਾ ਪਾਉਣ ਨੂੰ ਉਠਦੀ ਹੈ। ਇਹ ਇਕ ਖ਼ੁਸ਼ੀ ਦਾ ਸਾਜ਼ ਹੈ ਅਤੇ ਇਸ ਨੂੰ ਖ਼ੁਸ਼ੀਆਂ ਦੇ ਮੌਕੇ ਉੱਤੇ ਵਜਾਇਆ ਜਾਂਦਾ ਹੈ । ਆਮ ਤੌਰ ਤੇ ਜਦੋਂ ਕਿਰਸਾਣ ਵਾਢੀਆਂ ਵੇਲੇ ਅਤੇ ਖ਼ੁਸ਼ੀ ਦੇ ਮੌਕਿਆ ਜਾਂ ਬਸੰਤ ਪੰਚਮੀ ਸਮੇਂ ਖ਼ੁਸ਼ੀ ਮਨਾਣ ਲਈ ਵਜਾਇਆ ਜਾਂਦਾ ਹੈ।


ਕਦੇ ਕਦੇ ਅਸੀਂ ਢੋਲ ਨੂੰ ਕੁਸ਼ਤੀਆਂ ਦੇ ਅਖਾੜੇ ਵਿਚ ਵੀ ਵਜਦਾ ਵੇਖਦੇ ਹਾਂ। ਭਾਵ ਇਹ ਕਿ ਇਸ ਨੂੰ ਸੁਣ ਕੇ ਬੱਚੇ ਤੋਂ ਲੈ ਕੇ ਬੁਢੇ ਤਕ ਵਿਚ ਖ਼ੁਸ਼ੀ ਤੇ ਜੋਸ਼ ਦੀ ਇਕ ਮਿਲੀ-ਜੁਲੀ ਲਹਿਰ ਉਠਦੀ ਹੈ।

ਇਹ ਸਾਜ਼ ਵੀਰ ਰਸ ਅਤੇ ਤਾਲ ਪ੍ਰਧਾਨ ਹੈ।

**ਬਣਾਵਟ**

ਇਹ ਸਾਜ਼ ਅੰਬ ਦੀ ਲਕੜੀ ਨੂੰ ਵਿਚੋਂ ਖੋਖਲਾ ਕਰਕੇ

Sri Satguru Jagjit Singh Ji Elibrary NamdhariElibrary@gmail.com




ਢੋਲ

ਬਣਾਇਆ ਜਾਂਦਾ ਹੈ। ਇਸ ਦੇ ਦੋਹੇਂ ਮੂੰਹ ਵੱਡੇ ਤੇ ਖੁਲ੍ਹੇ ਹੁੰਦੇ ਹਨ। ਇਸ ਦੇ ਮੂੰਹ ਦੀ ਚੌੜਾਈ 35 ਸੈਂਟੀਮੀਟਰ ਹੁੰਦੀ ਹੈ। ਇਨ੍ਹਾਂ ਦੋਹਾਂ ਮੂੰਹਾਂ ਉੱਤੇ ਬਕਰੇ ਦੀ ਖੱਲ ਦੇ ਪਤਰੇ (ਪੂੜੇ) ਮੜ੍ਹੇ ਜਾਂਦੇ ਹਨ ਤੇ ਇਨ੍ਹਾਂ ਨੂੰ ਰੱਸੀਆਂ ਦੀ ਸਹਾਇਤਾ ਨਾਲ ਖਿਚਿਆ ਜਾਂਦਾ ਹੈ। ਰੱਸੀਆਂ ਵਿਚ ਪਿਤਲ ਜਾਂ ਚਮੜੇ ਦੇ ਛੱਲੇ ਬਣਾ ਕੇ ਪਿਰੋ ਦਿੱਤੇ ਜਾਂਦੇ ਹਨ ਤਾਂ ਜੋ ਢੋਲ ਨੂੰ ਖਿਚਣ ਵਿਚ ਆਸਾਨੀ ਰਹੇ। ਖੱਬੇ ਪੱਤਰੇ ਨੂੰ ਧਾਮਾ (ਪੂੜਾ) ਅਤੇ ਸੱਜੇ ਪੱਤਰੇ ਨੂੰ ਪੂੜਾ ਆਖਦੇ ਹਨ। ਇਹ ਬਾਂਸ ਤੇ ਲਕੜੀ ਦੀਆਂ ਛੜੀਆਂ ਨਾਲ ਵਜਾਇਆ ਜਾਂਦਾ ਹੈ।

ਢੋਲ ਦਾ ਖੱਬਾ ਪਾਸਾ ਜਿਸ ਨੂੰ ਧਾਮਾ ਆਖਦੇ ਹਨ ਇਸ ਦੇ ਅੰਦਰਲੇ ਪਾਸੇ ਇਕ ਖ਼ਾਸ ਤਰ੍ਹਾਂ ਦਾ ਮਸਾਲਾ ਲਗਾਇਆ ਜਾਂਦਾ ਹੈ

Sri Satguru Jagjit Singh Ji Elibrary NamdhariElibrary@gmail.com

ਤਾਂ ਜੋ ਇਹ ਮੋਟੀ ਆਵਾਜ਼ (ਮੰਦਰ ਸੁਰ) ਕੱਢ ਸਕੇ। ਖੱਬੇ ਪਾਸੇ ਅਰਥਾਤ ਧਾਮੇ ਦੀ ਛੜੀ ਲਕੜੀ ਦੀ ਹੁੰਦੀ ਹੈ ਜਿਹੜੀ ਕਿ ਹਾਕੀ ਦੀ ਸ਼ਕਲ ਵਿਚ ਹੁੰਦੀ ਹੈ ਅਤੇ ਜਿਸ ਨੂੰ ਡੱਗਾ ਆਖਦੇ ਹਨ। ਸੱਜੇ ਪਾਸੇ ਅਰਥਾਤ ਪੁੜੇ ਨੂੰ ਬਾਂਸ ਦੀ ਛੜਾ ਨਾਲ ਵਜਾਇਆ ਜਾਂਦਾ ਹੈ ਤੇ ਕਈ ਵਾਰੀ ਲੋਕ ਗੀਤਾਂ ਨਾਲ ਵਜਾਉਣ ਲਈ ਹੱਥਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਸਾਜ਼ ਉੱਤੇ ਤਬਲੇ ਦੇ ਇਕ ਦੋ ਤਾਲ ਵੀ ਵਜਾਏ ਜਾਂਦੇ ਹਨ ਜਿਵੇਂ ਕਹਿਰਵਾ ਤਾਲ ਅਤੇ ਦਾਦਰਾ ਤਾਲ।

ਪੰਜਾਬ ਦੇ ਲੋਕ ਗੀਤਾਂ ਵਿਚ ਢੋਲ ਸਭ ਤੋਂ ਵਧੇਰੇ ਮਿਰਜ਼ੇ ਨਾਲ, ਪੰਜਾਬੀ ਬੋਲੀਆਂ ਨਾਲ ਵਜਦਾ ਚੰਗਾ ਲਗਦਾ ਹੈ।

---

# (ਅ) ਢੋਲਕੀ

ਪੰਜਾਬ ਦੇ ਲੋਕ ਗੀਤਾਂ ਵਿਚ ਢੋਲਕੀ ਨੂੰ ਆਪਣਾ ਹੀ ਇਕ ਖ਼ਾਸ ਸਥਾਨ ਪ੍ਰਾਪਤ ਹੈ। ਪੰਜਾਬ ਦਾ ਕੋਈ ਵੀ ਅਜਿਹਾ ਲੋਕ ਗੀਤ ਨਹੀਂ ਜਿਹੜਾ ਬਿਨਾਂ ਢੋਲਕੀ ਤੋਂ ਗਾਇਆ ਜਾ ਸਕੇ। ਭਾਵੇਂ ਵਿਆਹ ਹੋਏ, ਭਾਵੇਂ ਤੀਆਂ ਲਗਣ, ਭਾਵੇਂ ਗਿੱਧਾ ਪੈਂਦਾ ਹੋਵੇ ਉਥੇ ਢੋਲਕੀ ਦਾ ਹੋਣਾ ਜ਼ਰੂਰੀ ਹੈ। ਜਿਵੇਂ ਢੋਲ ਮਰਦਾਂ ਦਾ ਸਾਜ਼ ਮੰਨਿਆ ਜਾਂਦਾ ਹੈ ਉਸੀ ਤਰ੍ਹਾਂ ਢੋਲਕੀ ਤੀਵੀਆਂ ਦਾ ਸਾਜ਼ ਹੈ।

ਇਸ ਤੋਂ ਇਲਾਵਾ ਮੰਦਰਾਂ, ਗੁਰਦੁਆਰਿਆਂ ਵਿਚ ਭਜਨ, ਕੀਰਤਨਾਂ ਆਦਿ ਲਈ ਵੀ ਢੋਲਕੀ ਦਾ ਹੋਣਾ ਜ਼ਰੂਰੀ ਹੈ।

**ਬਣਾਵਟ**

ਇਹ ਅੰਬ, ਨਿੰਮ, ਸ਼ੀਸ਼ਮ ਆਦਿ ਦੀ ਲਕੜੀ ਨੂੰ ਅੰਦਰੋਂ

Sri Satguru Jagjit Singh Ji Elibrary NamdhariElibrary@gmail.com

ਖੋਖਲਾ ਕਰਕੇ ਬਣਾਈ ਜਾਂਦੀ ਹੈ। ਇਸ ਦੇ ਦੋਹਾਂ ਮੂੰਹਾਂ ਉੱਤੇ ਬਕਰੇ ਦੀ ਖੱਲ ਸੂਤ ਦੀਆਂ ਰੱਸੀਆਂ ਨਾਲ ਮੜ੍ਹੀ ਜਾਂਦੀ ਹੈ ਅਤੇ ਉਨ੍ਹਾਂ ਰੱਸੀਆਂ ਵਿਚ ਪਿਤਲ ਜਾਂ ਲੋਹੇ ਦੇ ਛੱਲੇ ਪਿਰੋ ਦਿੱਤੇ ਜਾਂਦੇ ਹਨ ਤਾਂ ਜੋ ਇਸ ਨੂੰ ਆਪਣੀ ਇੱਛਾ ਅਨੁਸਾਰ ਢਿੱਲਾ ਜਾਂ ਕਸ ਦਿੱਤਾ ਜਾਵੇ। ਆਮ ਤੌਰ ਤੇ ਇਸ ਦੇ ਮੂੰਹ ਦੀ ਚੌੜਾਈ 20 ਸੈਂਟੀਮੀਟਰ ਹੁੰਦੀ ਹੈ।

ਇਸ ਦੇ ਸੱਜੇ ਪਾਸੇ ਦੇ ਮੂੰਹ ਨੂੰ ਧਾਮਾ ਆਖਦੇ ਹਨ ਅਤੇ ਇਸ ਦੇ ਅੰਦਰਲੇ ਪਾਸੇ ਇਕ ਖ਼ਾਸ ਤਰ੍ਹਾਂ ਦਾ ਮਸਾਲਾ ਲਗਾਇਆ




ਢੋਲਕੀ

Sri Satguru Jagjit Singh Ji Elibrary NamdhariElibrary@gmail.com

ਜਾਂਦਾ ਹੈ ਤਾਂ ਜੋ ਇਹ ਨਿਚਲੇ ਸੁਰ ਤੋਂ ਬੋਲੇ (ਮੰਦਰ ਸੁਰ) ਭਾਵ ਇਸ ਨੂੰ ਮਸਾਲਾ ਲਗਾ ਕੇ ਇਸ ਦੀ ਆਵਾਜ਼ ਨੂੰ ਭਾਰੀ ਕਰ ਦਿੱਤਾ ਜਾਂਦਾ ਹੈ।

ਅੱਜ ਢੋਲਕੀ ਨੇ ਤਰੱਕੀ ਕਰਕੇ ਫਿਲਮੀ ਖੇਤਰ ਵਿਚ ਵੀ ਆਪਣਾ ਇਕ ਮਹੱਤਵਪੂਰਣ ਸਥਾਨ ਬਣਾ ਲਿਆ ਹੈ।

——

## (ੲ) ਢੱਡ

ਢੱਡ ਪ੍ਰਾਚੀਨ ਅਵਨਧ ਸਾਜ਼ਾਂ ਵਿਚੋਂ ਇਕ ਹੈ। ਇਹ ਡੌਰੂ, ਡਮਰੂ, ਕੁੜਵਾ, ਡਿਮਡਿਮੀ ਆਦਿ ਸਾਜ਼ਾਂ ਦੀ ਜਾਤੀ ਵਿਚੋਂ ਹੈ। ਇਹ ਡਮਰੂ ਨਾਲੋਂ ਥੋੜ੍ਹੀ ਜਿਹੀ ਵੱਡੀ ਹੁੰਦੀ ਹੈ। ਪੰਜਾਬ ਦੇ ਲੋਕ ਗੀਤਾਂ ਵਿਚ ਜੋ ਸਥਾਨ ਸਾਰੰਗੀ ਨੂੰ ਦਿੱਤਾ ਜਾਂਦਾ ਹੈ ਉਹੋ ਹੀ ਸਥਾਨ ਢੱਡ ਨੂੰ ਦਿੱਤਾ ਜਾਂਦਾ ਹੈ। ਅਸਲੀ ਗੱਲ ਤਾਂ ਇਹ ਹੈ ਕਿ ਇਹ ਦੋਵੇਂ ਸਾਜ਼ ਪੰਜਾਬ ਦੇ ਲੋਕ ਗੀਤਾਂ ਵਿਚ ਇਕੱਠੇ ਹੀ ਵਜਦੇ ਹਨ।

ਜਦੋਂ ਢੱਡ ਸਾਰੰਗੀ ਤੇ ਲੋਕ ਗੀਤ ਗਾਏ ਜਾਂਦੇ ਹਨ ਤਾਂ ਸਾਰੰਗੀ ਆਪਣੇ ਸੁਰਾਂ ਨਾਲ ਸੰਗੀਤ ਦੀ ਸੰਗਤ ਕਰਦੇ ਹਨ ਤੇ ਇਹ ਇਸ ਨੂੰ ਚਾਰ ਚੰਦ ਲਗਾਉਂਦੀ ਹੈ ਅਤੇ ਢੱਡ ਤਾਲ ਦੀ ਕਸੌਟੀ ਲੈ ਕੇ ਸੋਨੇ ਤੇ ਸੁਹਾਗੇ ਵਾਲੀ ਗੱਲ ਕਰਦੀ ਹੈ।


ਪੰਜਾਬ ਵਿਚ ਢਾਡੀ ਜੱਥੇ, ਪ੍ਰੇਮ ਕਥਾ, ਲੈਲਾ ਮਜਨੂੰ, ਵਾਰਾਂ, ਹੀਰ ਰਾਂਝਾ, ਸੋਹਣੀ ਮਹੀਂਵਾਲ, ਸੱਸੀ ਪੁੰਨੂੰ, ਦੁੱਲਾ ਭੱਟੀ, ਜਿਉਣਾ ਮੋੜ ਦੇ ਕਿੱਸੇ, ਜਿਹੜੇ ਕਿ ਢੱਡ ਸਾਰੰਗੀ ਉੱਤੇ ਕਲੀਆਂ ਦੇ ਰੂਪ ਵਿਚ ਗਾਏ ਜਾਂਦੇ ਹਨ ਬਹੁਤ ਹੀ ਪ੍ਰਸਿੱਧ ਹਨ। ਇਸ ਤੋਂ ਇਲਾਵਾ

Sri Satguru Jagjit Singh Ji Elibrary NamdhariElibrary@gmail.com

ਢੱਡ ਸਾਰੰਗੀ ਉੱਤੇ ਕਾਫ਼ੀਆਂ ਵੀ ਗਾਈਆਂ ਜਾਂਦੀਆਂ ਹਨ।

**ਬਣਾਵਟ**

ਇਹ ਅੰਬ, ਟਾਹਲੀ, ਤੂਤ, ਸ਼ੀਸ਼ਮ ਆਦਿ ਲਕੜੀ ਦੀ ਬਣੀ ਹੁੰਦੀ ਹੈ। ਇਸ ਦੀ ਲੰਬਾਈ ਦਸ ਉਂਗਲ ਤੋਂ ਲੈ ਕੇ ਬਾਰ੍ਹਾਂ ਉਂਗਲ ਤਕ ਹੋ ਸਕਦੀ ਹੈ। ਡਮਰੂ ਦੇ ਆਕਾਰ ਦੀ ਤਰ੍ਹਾਂ ਇਸ ਦਾ ਵਿਚਲਾ ਹਿੱਸਾ ਪਿਚਕਿਆ ਹੁੰਦਾ ਹੈ। ਇਸ ਦੇ ਦੋਵੇਂ ਮੂੰਹ ਗੋਲਾਈ ਦੇ ਆਕਾਰ ਦੀ ਤਰ੍ਹਾਂ ਹੁੰਦੇ ਹਨ ਅਤੇ ਇਨ੍ਹਾਂ ਦੀ ਲੰਬਾਈ ਚੌੜਾਈ ਚਾਰ ਤੋਂ ਪੰਜ ਉਂਗਲ ਹੋ ਸਕਦੀ ਹੈ। ਆਮ ਤੌਰ ਤੇ




ਢੱਡ

ਇਸ ਦੀ ਲੰਬਾਈ 16 ਸੈਂਟੀਮੀਟਰ ਤੇ ਮੂੰਹ ਦੀ ਚੌੜਾਈ 9 ਸੈਂਟੀ-ਮੀਟਰ ਹੁੰਦੀ ਹੈ। ਇਨ੍ਹਾਂ ਉੱਤੇ ਚਮੜੇ ਦੀ ਪਤਲੀ ਖਲ ਦੇ ਪੂੜੇ ਚੜ੍ਹਾਏ ਜਾਂਦੇ ਹਨ ਅਤੇ ਇਨ੍ਹਾਂ ਦੋਹਾਂ ਪੂੜਿਆਂ ਨੂੰ ਸੂਤ ਦੀ ਪਤਲੀ ਰੱਸੀ ਨਾਲ ਸਤ ਜਾਂ ਅੱਠ ਜਗ੍ਹਾਂ (ਘਰ) ਵਿਚ ਮੜ੍ਹ ਦਿੱਤਾ ਜਾਂਦਾ

Sri Satguru Jagjit Singh Ji Elibrary NamdhariElibrary@gmail.com

ਹੈ। ਥੋੜ੍ਹੀ ਜਿਹੀ ਰੱਸੀ ਫਾਲਤੂ ਰਖੀ ਜਾਂਦੀ ਹੈ ਜਿਸ ਨੂੰ ਕਿ ਵਜਾਉਣ ਵੇਲੇ ਵਿਚਲੇ ਹਿੱਸੇ ਉੱਤੇ ਲਪੇਟ ਕੇ ਹੱਥ ਨਾਲ ਖਿੱਚੀ ਜਾਂ ਢਿੱਲੀ ਕੀਤੀ ਜਾਂਦੀ ਹੈ। ਦੂਸਰੇ ਹੱਥ ਦੀਆਂ ਉਂਗਲਾਂ ਨਾਲ ਇਸ ਨੂੰ ਵਜਾਇਆ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਇਕ ਖ਼ਾਸ ਕਿਸਮ ਦੀ ਆਵਾਜ਼ ਪੈਦਾ ਹੁੰਦੀ ਹੈ ਜਿਸ ਨੂੰ ਅਸੀਂ ਸ਼ਾਸਤਰੀ ਸੰਗੀਤ ਵਿਚ ਗਮਕ ਦੇ ਨਾਂ ਨਾਲ ਜਾਣਦੇ ਹਾਂ।

---

## (ਸ) ਨਗਾਰਾ

ਨਗਾਰੇ ਦਾ ਅੱਜ ਬੇਸ਼ਕ ਪੰਜਾਬ ਵਿਚ ਉਹ ਸਥਾਨ ਨਹੀਂ ਰਿਹਾ ਜਿਹੜਾ ਕਿ ਇਸ ਨੂੰ ਸਿੱਖ ਕਾਲ ਵਿਚ ਜਾਂ ਉਸ ਤੋਂ ਪਹਿਲਾਂ ਮਿਲਿਆ ਸੀ।

ਇਹ ਅਤਿ ਪ੍ਰਾਚੀਨ ਸਾਜ਼ਾਂ ਦੀ ਗਿਣਤੀ ਵਿਚ ਆਉਂਦਾ ਹੈ। ਰਾਜੇ ਮਹਾਰਾਜੇ ਇਸ ਦਾ ਪ੍ਰਯੋਗ ਲੜਾਈ ਦੇ ਸਮੇਂ ਕਰਦੇ ਸਨ ਅਤੇ ਇਸ ਦੀ ਗਿਣਤੀ ਯੁੱਧ ਦੇ ਸਾਜ਼ਾਂ ਵਿਚ ਕੀਤੀ ਜਾਂਦੀ ਸੀ। ਨਗਾਰੇ ਉੱਤੇ ਚੋਟ ਲਗਾਉਣ ਦਾ ਮਤਲਬ ਹੀ ਇਹ ਹੁੰਦਾ ਸੀ ਕਿ ਲੜਾਈ ਹੋਣ ਵਾਲੀ ਹੈ।

ਇਹ ਇਕ ਤਾਲ ਪ੍ਰਧਾਨ ਅਤੇ ਵੀਰ ਰਸ ਪ੍ਰਧਾਨ ਸਾਜ਼ ਹੈ। ਇਸ ਉੱਤੇ ਕਹਿਰਵਾ ਅਤੇ ਦਾਦਰਾ ਤਾਲ ਬੜੀ ਆਸਾਨੀ ਨਾਲ ਵਜਾਏ ਜਾਂਦੇ ਹਨ। ਹੋਰ ਵੀ ਕਈ ਕਠਿਨ ਤਾਲ ਤੇ ਲੈਅਕਾਰੀਆਂ ਵਜਾਈਆਂ ਜਾਂਦੀਆਂ ਹਨ ਜਿਸ ਤਰ੍ਹਾਂ ਰਾਜਸਥਾਨ ਦੇ ਸ਼ੇਖ਼ਾਵਤੀ ਅਤੇ ਅਲਵਰ ਵਿਚ ਨਗਾਰਾ ਵਜਾਉਣ ਦੇ ਅੱਜ ਵੀ ਮੁਕਾਬਲੇ ਹੁੰਦੇ ਹਨ। ਰਾਜਸਥਾਨ ਦੇ ਉਤਸਵਾਂ ਵਿਚ ਅੱਜ ਵੀ ਇਸ ਦਾ ਕਾਫ਼ੀ


Sri Satguru Jagjit Singh Ji Elibrary NamdhariElibrary@gmail.com

ਪ੍ਰਚਾਰ ਹੈ। ਉੱਤਰ ਪ੍ਰਦੇਸ਼ ਦੀ ਨੌਟੰਕੀ ਵਿਚ ਇਸ ਨੂੰ "ਨਕਾਰਾ" ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਪੰਜਾਬ ਵਿਚ ਇਹ ਸਾਜ਼ ਲਗਭਗ ਖ਼ਤਮ ਹੋਣ ਤੇ ਹੀ ਹੈ, ਕਿਉਂਕਿ ਅੱਜ ਇਸ ਨੂੰ ਪੰਜਾਬ ਵਿਚ ਸਿਰਫ਼ ਗੁਰਦੁਆਰਿਆਂ ਵਿਚ ਕਦੇ ਕਦਾਈਂ ਵਜਦਾ ਸੁਣਿਆ ਜਾਂਦਾ ਹੈ।

**ਬਣਾਵਟ**

ਇਹ ਲੋਹੇ ਜਾਂ ਹੋਰ ਕਿਸੇ ਧਾਤੂ ਦੇ ਮੇਲ ਨਾਲ ਬਣਿਆ ਹੁੰਦਾ ਹੈ। ਇਸ ਉੱਤੇ ਮੱਝ ਦੀ ਖਲ ਮੜ੍ਹੀ ਜਾਂਦੀ ਹੈ ਤੇ ਚਮੜੇ ਦੀ ਦਵਾਲ ਨਾਲ ਇਸ ਨੂੰ ਕਸ ਦਿੱਤਾ ਜਾਂਦਾ ਹੈ। ਇਸ ਨੂੰ ਇਕ ਤਪਾਈ ਤੇ ਰਖ ਕੇ ਦੋ ਮੋਟੇ ਡੰਡਿਆਂ ਨਾਲ ਵਜਾਇਆ ਜਾਂਦਾ ਹੈ। ਆਮ ਤੌਰ ਤੇ ਇਸ ਦੇ ਮੂੰਹ ਦੀ ਚੌੜਾਈ 60 ਸੈਂਟੀਮੀਟਰ ਹੁੰਦੀ ਹੈ।




ਨਗਾਰਾ

ਇਸ ਦਾ ਸੁਰ ਉੱਚਾ ਕਰਨ ਲਈ ਇਸ ਦੀ ਮੜ੍ਹੀ ਹੋਈ ਖੱਲ ਨੂੰ ਧੁਪੇ ਜਾਂ ਅੱਗ ਨਾਲ ਸੇਕਿਆ ਜਾਂਦਾ ਹੈ ਅਤੇ ਸੁਰ ਨੀਵਾਂ ਕਰਨ ਲਈ ਇਸ ਦੀ ਖੱਲ ਉੱਤੇ ਪਾਣੀ ਦੀ ਭਿੱਜੀ ਹੋਈ ਗਿੱਲੀ ਲੀਰ ਰਗੜੀ

Sri Satguru Jagjit Singh Ji Elibrary NamdhariElibrary@gmail.com

ਜਾਂਦੀ ਹੈ ਤਾਂ ਜੋ ਇਸ ਦੀ ਖੱਲ ਨਰਮ ਹੋ ਕੇ ਹੇਠਲੇ ਸੁਰ ਤੇ ਬੋਲੇ ।

ਰਾਜਿਆਂ ਮਹਾਰਾਜਿਆਂ ਦੇ ਸਮੇਂ ਨਗਾਰੇ ਸਾਜ਼ ਨੂੰ ਉਨ੍ਹਾਂ ਦੀ ਸਵਾਰੀ ਅਗੇ ਵਜਾਇਆ ਜਾਂਦਾ ਸੀ ਤਾਂ ਜੋ ਲੋਕਾਂ ਨੂੰ ਪਤਾ ਲੱਗ ਜਾਵੇ ਕਿ ਮਹਾਰਾਜੇ ਦੀ ਸਵਾਰੀ ਆ ਰਹੀ ਹੈ ।

---

## (ਹ) ਖੰਜਰੀ

ਪੰਜਾਬ ਵਿਚ ਖੰਜਰੀ ਦਾ ਪ੍ਰਯੋਗ ਲੋਕ ਗੀਤਾਂ ਅਤੇ ਲੋਕ ਨਾਚਾਂ ਵਿਚ ਹੁੰਦਾ ਹੈ । ਲੋਕ ਨਾਚ ਵਿਚ ਜਿਵੇਂ ਗਿੱਧਾ, ਭੰਗੜਾ ਅਤੇ ਲੋਕ ਗੀਤਾਂ ਵਿਚ ਜਿਵੇਂ ਸੱਸੀ ਪੁੰਨੂੰ, ਹੀਰ ਰਾਂਝਾ, ਸੋਹਣੀ ਮਹੀਂਵਾਲ ਦੇ ਕਿੱਸਿਆਂ ਅਤੇ ਹੋਲੀ ਦੇ ਗੀਤਾਂ ਵਿਚ ਕੀਤਾ ਜਾਂਦਾ ਹੈ ।

ਡਫ਼ ਦਾਇਰਾ, ਕਰਚੱਕਰ ਚੰਗ ਇਹ ਸਾਰੇ ਸਾਜ਼ ਇਕ ਦੂਜੇ ਨਾਲ ਮਿਲਦੇ ਜੁਲਦੇ ਹਨ ਅਤੇ ਇਹ ਸਾਰੇ ਸਾਜ਼ ਤਾਲ ਪ੍ਰਧਾਨ ਹੁੰਦੇ ਹਨ । ਇਹਨਾਂ ਨੂੰ ਖੱਬੇ ਹੱਥ ਨਾਲ ਫੜ ਕੇ ਸੱਜੇ ਹੱਥ ਨਾਲ ਵਜਾਇਆ ਜਾਂਦਾ ਹੈ ।


**ਬਣਾਵਟ**

ਖੰਜਰੀ ਗੋਲ ਆਕਾਰ ਵਿਚ ਬਣੀ ਹੁੰਦੀ ਹੈ। ਇਹ ਗੋਲ ਆਕਾਰ ਦੀ ਲਕੜੀ ਦੀ ਜਾਂ ਪਿਤਲ ਦੀ ਚਾਦਰ ਦੀ ਬਣੀ ਹੁੰਦੀ ਹੈ । ਇਸ ਦੇ ਮੂੰਹ ਦੀ ਚੌੜਾਈ 18 ਤੋਂ ਲੈ ਕੇ 24 ਸੈਂਟੀਮੀਟਰ ਤਕ ਹੁੰਦੀ ਹੈ । ਇਸ ਦੇ ਘੇਰੇ ਦੀ ਲਕੜੀ ਜਾਂ ਚਾਦਰ ਦੀ ਚੌੜਾਈ ਤਿੰਨ ਤੋਂ ਲੈ ਕੇ ਚਾਰ ਉਂਗਲ ਤਕ ਹੁੰਦੀ ਹੈ । ਇਸ ਦੇ ਘੇਰੇ ਉੱਤੇ ਚਮੜੇ ਦੀ ਪਤਲੀ ਖੱਲ ਮੜ੍ਹੀ ਹੁੰਦੀ ਹੈ । ਇਸ ਦੇ ਘੇਰੇ ਦੀ ਗੋਲਾਈ ਅੱਠ ਤੋਂ ਲੈ ਕੇ ਬਾਰ੍ਹਾਂ ਉਂਗਲ ਤਕ ਹੋ ਸਕਦੀ ਹੈ । ਇਸ ਦੀ ਲਕੜੀ

Sri Satguru Jagjit Singh Ji Elibrary NamdhariElibrary@gmail.com

ਜਾਂ ਪਿਤਲ ਦੇ ਘੇਰੇ ਨੂੰ ਤਿੰਨ ਚਾਰ ਜਗ੍ਹਾ ਵਿਚੋਂ ਕੱਟ ਕੇ ਤਿੰਨ ਚਾਰ ਛੋਟੇ ਛੋਟੇ ਛੈਣੇ ਲਗਾਏ ਜਾਂਦੇ ਹਨ। ਜਦ ਖੰਜਰੀ ਦੀ ਖੱਲ ਉੱਤੇ ਹੱਥ ਦੀ ਥਾਪ ਲਗਦੀ ਹੈ ਤਾਂ ਇਹ ਨਿੱਕੇ ਨਿੱਕੇ ਛੈਣੇ ਆਪਸ ਵਿਚ ਟਕਰਾ ਕੇ ਬੜੀ ਮਧੁਰ ਆਵਾਜ਼ ਦਿੰਦੇ ਹਨ।

ਖੰਜਰੀ ਦੀ ਖੱਲ ਨੂੰ ਢਿੱਲਾ ਜਾਂ ਕਸਣ ਵਾਸਤੇ ਕੋਈ ਅਜਿਹੀ ਚੀਜ਼ ਨਹੀਂ ਲੱਗੀ ਹੁੰਦੀ ਹੈ ਜਿਸ ਦੇ ਨਾਲ ਇਸ ਦੇ ਸੁਰ ਨੂੰ ਉਤਾਰਿਆ ਜਾਂ ਚੜ੍ਹਾਇਆ ਜਾ ਸਕਦਾ ਹੈ। ਇਸ ਦੇ ਚੜ੍ਹਾਉਣ ਜਾਂ ਉਤਾਰਨ ਦਾ ਸਿਰਫ਼ ਇਕੋ ਹੀ ਤਰੀਕਾ ਹੈ। ਜੇ ਇਸ ਨੂੰ ਚੜ੍ਹਾਣਾ




ਖੰਜਰੀ

ਹੋਵੇ ਤਾਂ ਇਸ ਨੂੰ ਧੁਪ ਵਿਚ ਰਖ ਦਿੱਤਾ ਜਾਂਦਾ ਹੈ। ਜੇ ਉਤਾਰਨਾ ਹੋਵੇ ਤਾਂ ਇਸ ਦੀ ਖੱਲ ਉੱਤੇ ਗਿੱਲੀ ਲੀਰ ਦਾ ਪੋਚਾ ਮਾਰ ਦਿੱਤਾ ਜਾਂਦਾ ਹੈ।

Sri Satguru Jagjit Singh Ji Elibrary NamdhariElibrary@gmail.com

ਕਈ ਲੋਕ ਖੱਬੇ ਹੱਥ ਦੀ ਵਿਚਕਾਰਲੀ ਉਂਗਲ ਨਾਲ ਇਸ ਦੀ ਖੱਲ ਦੇ ਕਿਨਾਰੇ ਨੂੰ ਦਬਾ ਕੇ ਗਮਕ ਪੈਦਾ ਕਰਦੇ ਹਨ ।

ਦੱਖਣੀ ਭਾਰਤ ਵਿਚ ਪੰਡਿਤ ਅਹੋਬਲ ਦੇ ਅਨੁਸਾਰ ਇਹ ਸਾਜ਼ ਗੰਜੀਰਾ ਦੇ ਨਾਂ ਨਾਲ ਅੱਜ ਵੀ ਪ੍ਰਯੋਗ ਕੀਤਾ ਜਾਂਦਾ ਹੈ ।

ਖੰਜਰੀ ਦਾ ਪ੍ਰਯੋਗ ਪੰਜਾਬ ਵਿਚ ਹੀ ਨਹੀਂ ਸਗੋਂ ਸਮੁੱਚੇ ਉੱਤਰ ਭਾਰਤ ਵਿਚ ਭਜਨਾਂ, ਲੋਕ ਗੀਤਾਂ ਅਤੇ ਲੋਕ ਨਾਚਾਂ ਵਿਚ ਕੀਤਾ ਜਾਂਦਾ ਹੈ ।

Sri Satguru Jagjit Singh Ji Elibrary NamdhariElibrary@gmail.com

## 2. ਤੱਤ ਸਾਜ਼

ਤੱਤ ਸਾਜ਼ਾਂ ਦਾ ਜਨਮ ਧਨੁਸ਼ ਤੋਂ ਮੰਨਿਆ ਜਾਂਦਾ ਹੈ। ਮਨੁੱਖ ਨੇ ਜਦੋਂ ਧਨੁਸ਼ ਨੂੰ ਤਾਣਿਆ ਅਤੇ ਢਿੱਲਾ ਕੀਤਾ ਤਾਂ ਉਸ ਵਿਚੋਂ ਇਕ ਪ੍ਰਕਾਰ ਦੀ ਧੁਨੀ ਉਤਪੰਨ ਹੋਈ ਜਿਸ ਨੇ ਅਗੋਂ ਤੱਤ ਸਾਜ਼ਾਂ ਦਾ ਰੂਪ ਧਾਰਨ ਕੀਤਾ। ਪਹਿਲੇ ਪਹਿਲ ਮਨੁੱਖ ਨੇ ਲਕੜੀ ਨੂੰ ਧਨੁਸ਼ ਦੇ ਆਕਾਰ ਵਿਚ ਖੋਦਿਆ ਅਤੇ ਉਸ ਉੱਤੇ ਖੱਲ ਮੜ੍ਹ ਕੇ ਤਾਰ ਚੜ੍ਹਾ ਦਿੱਤੇ ਜਿਸ ਤੋਂ ਵੀਣਾ ਦਾ ਜਨਮ ਹੋਇਆ। ਤੀਸਰੀ ਸ਼ਤਾਬਦੀ ਤੋਂ ਪੂਰਵ ਇਸ ਪ੍ਰਕਾਰ ਦੀ ਵੀਣਾ ਪ੍ਰਚਾਰ ਵਿਚ ਸੀ। ਵੈਦਿਕ ਕਾਲ ਵਿਚ ਸਾਨੂੰ ਸ਼ਤਤੰਤਰੀ ਵੀਣਾ, ਓਦੰਬਰੀ ਵੀਣਾ, ਕਤਯਾਯਨੀ ਵੀਣਾ, ਆਦਿ ਦੇ ਨਾਂ ਮਿਲਦੇ ਹਨ। ਮੱਧ ਕਾਲ ਵਿਚ ਇਕ-ਤਾਰੇ ਦਾ ਖ਼ਾਸ ਪ੍ਰਚਾਰ ਸੀ। ਅਸੀਂ ਮੀਰਾ ਬਾਈ ਅਤੇ ਚੇਤੰਨ ਪ੍ਰਭੂ ਦੇ ਹੱਥ ਵਿਚ ਇਕ ਤਾਰਾ ਫੜਿਆ ਵੇਖਦੇ ਹਾਂ ਜਿਸ ਦੇ ਨਾਲ ਉਹ ਭਗਤੀ-ਭਾਵ ਦੇ ਗੀਤ ਗਾਉਂਦੇ ਸਨ। ਇਸੀ ਕਾਲ ਵਿਚ ਸਿਤਾਰ ਦਾ ਰੂਪ ਬਣਿਆ। ਅੱਜ ਇਸੀ ਆਧਾਰ ਤੇ ਵਿਕਸਿਤ ਹੋਏ ਸਰੋਦ, ਰਬਾਬ, ਸਾਰੰਗੀ, ਸਿਤਾਰ, ਗਿਟਾਰ, ਸੁਰਮੰਡਲ, ਵਾਇਲਿਨ, ਦਿਲਰੁਬਾ, ਇਸਰਾਜ਼, ਤਾਊਸ ਆਦਿ ਦੇ ਰੂਪ ਵੇਖਦੇ ਹਾਂ।

——

Sri Satguru Jagjit Singh Ji Elibrary NamdhariElibrary@gmail.com

# (ੳ) ਇਕ ਤਾਰਾ (ਤੂੰਬੀ)

ਇਕ ਤਾਰਾ ਅਤਿ ਪ੍ਰਾਚੀਨ ਕਾਲ ਦਾ ਸਾਜ਼ ਹੈ। ਪ੍ਰਾਚੀਨ ਕਾਲ ਤੋਂ ਲੈ ਕੇ ਹੁਣ ਤਕ ਇਹ ਸਾਧੂ ਸੰਤਾਂ ਦਾ ਸਾਜ਼ ਰਿਹਾ ਹੈ। ਸਾਧੂ ਸੰਤ ਇਸ ਦੇ ਨਾਲ 'ਓਮ ਨਮੋਂ' ਦਾ ਜਾਪ ਕਰਦੇ ਸਨ। ਅਰਥਾਤ ਇਹ ਮੋਖ ਪ੍ਰਾਪਤੀ ਦਾ ਸਾਧਨ ਬਣਿਆ ਰਿਹਾ ਹੈ। ਇਸ ਦੀ ਉਦਾਹਰਣ ਮੀਰਾ ਬਾਈ ਸਾਡੇ ਸਾਹਮਣੇ ਹੈ। ਮੀਰਾ ਬਾਈ ਨੇ ਇਕ ਤਾਰੇ ਦੇ ਨਾਲ ਹੀ ਭਜਨ ਕਰਦੇ ਹੋਏ ਭਗਵਾਨ ਕ੍ਰਿਸ਼ਨ ਨੂੰ ਪਾਇਆ।

ਪ੍ਰਾਚੀਨ ਕਾਲ ਵਿਚ ਸ਼ਾਸਤਰੀ ਸੰਗੀਤ ਦਾ ਅਭਿਆਸ ਕਰਨ ਲਈ ਇਕ ਤਾਰੇ ਦਾ ਪ੍ਰਯੋਗ ਹੁੰਦਾ ਸੀ। ਵਿਦਵਾਨ ਲੋਕ ਇਸ ਨੂੰ ਆਪਣੇ ਸੁਰ ਤੇ ਮਿਲਾ ਕੇ 'ਸਾ ਰੇ ਗਾ ਮਾ ਪਾ ਧਾ ਨੀ ਸਾ' ਸਰਗਮ ਦਾ ਅਭਿਆਸ ਕਰਦੇ ਸਨ।


ਹੌਲੀ ਹੌਲੀ ਇਸ ਸਾਜ਼ ਨੇ ਤਰੱਕੀ ਕੀਤੀ ਤੇ ਇਹ ਲੋਕ ਗੀਤਾਂ ਵਿਚ ਵੀ ਪ੍ਰਯੋਗ ਹੋਣ ਲੱਗਾ। ਇਸ ਦੇ ਆਕਾਰ ਵਿਚ ਲੋੜ ਅਨੁਸਾਰ ਤਬਦੀਲੀ ਕੀਤੀ ਗਈ। ਸ਼ਾਸਤਰੀ ਗਾਇਨ ਵਿਚ ਇਸ ਦੇ ਆਕਾਰ ਅਤੇ ਤਾਰਾਂ ਨੂੰ ਵਧਾ ਕੇ ਤਾਨਪੂਰੇ ਦੀ ਸ਼ਕਲ ਦਿੱਤੀ ਗਈ। ਦੂਜੇ ਪਾਸੇ ਇਸ ਦੇ ਆਕਾਰ ਨੂੰ ਛੋਟਾ ਕਰਕੇ ਤੂੰਬੀ ਬਣਾ ਦਿੱਤੀ ਗਈ, ਜਿਹੜੀ ਕਿ ਪੰਜਾਬ ਦੇ ਲੋਕ ਗੀਤਾਂ ਵਿਚ ਅੱਜ ਪ੍ਰਯੋਗ ਕੀਤੀ ਜਾਂਦੀ ਹੈ।

ਪੰਜਾਬ ਵਿਚ ਤੂੰਬੀ ਭੰਗੜਾ, ਮਿਰਜ਼ਾ, ਜੁਗਨੀ ਅਤੇ ਕਈ ਹੋਰ ਪੰਜਾਬੀ ਲੋਕ ਗੀਤਾਂ ਨਾਲ ਵਜਾਈ ਜਾਂਦੀ ਹੈ।

**ਬਣਾਵਟ**

ਤੂੰਬੀ ਇਕ ਸਾਧਾਰਣ ਬਣਾਵਟ ਦਾ ਸਾਜ਼ ਹੈ। ਇਹ ਆਮ ਤੌਰ ਤੇ ਕੱਦੂ ਜਾਂ ਲਕੜੀ ਨੂੰ ਖੋਖਲਾ ਕਰਕੇ ਇਕ ਖੋਲ ਬਣਾ ਲਿਆ ਜਾਂਦਾ ਹੈ। ਇਸ ਦੇ ਵਿਚ ਇਕ ਤੋਂ ਲੈ ਕੇ ਡੇਢ ਫੁੱਟ ਤਕ ਲਕੜੀ

Sri Satguru Jagjit Singh Ji Elibrary NamdhariElibrary@gmail.com




ਇਕ ਤਾਰਾ

ਦਾ ਡੰਡਾ ਗੋਲ ਤਰਾਸ਼ ਕੇ ਲਗਾ ਦਿੱਤਾ ਜਾਂਦਾ ਹੈ। ਇਸ ਦੇ ਡੰਡੇ ਦੀ ਲੰਬਾਈ 54 ਸੈਂਟੀਮੀਟਰ ਤੇ ਖੋਲ ਦੀ ਚੌੜਾਈ 9 ਸੈਂਟੀਮੀਟਰ

Sri Satguru Jagjit Singh Ji Elibrary NamdhariElibrary@gmail.com

ਹੁੰਦੀ ਹੈ। ਇਸ ਖੋਲ ਦੇ ਮੂੰਹ ਉੱਤੇ ਇਕ ਪਤਲੀ ਖੱਲ ਚੜ੍ਹਾਈ ਜਾਂਦੀ ਹੈ ਅਤੇ ਡੰਡੇ ਦੇ ਉਪਰਲੇ ਪਾਸੇ ਇਕ ਲਕੜੀ ਦੀ ਖੂੰਟੀ ਲਗਾਈ ਜਾਂਦੀ ਹੈ। ਜਿਸ ਵਿਚ ਤਾਰ ਪਿਰੋ ਕੇ ਡੰਡੇ ਦੇ ਨਿਚਲੇ ਪਾਸੇ ਤਾਰ ਨੂੰ ਮਰੋੜੀ ਦੇ ਕੇ ਬੰਨ੍ਹ ਦਿੱਤੀ ਜਾਂਦੀ ਹੈ। ਚਮੜੇ ਦੀ ਖੋਲ ਉੱਤੇ ਇਕ ਬਾਂਸ ਜਾਂ ਲਕੜੀ ਦਾ ਟੁਕੜਾ ਰਖਿਆ ਜਾਂਦਾ ਹੈ (BRIDGE) ਜਿਸ ਦੇ ਉੱਤੇ ਤਾਰ ਟਿਕਦੀ ਹੈ। ਖੂੰਟੀ ਦੇ ਨਾਲ ਤਾਰ ਨੂੰ ਕਸ ਕੇ ਆਪਣੀ ਇੱਛਾ ਅਨੁਸਾਰ ਮਿਲਾ ਲਿਆ ਜਾਂਦਾ ਹੈ।

ਅੱਜ ਕਲ੍ਹ ਇਸ ਨੂੰ ਵਜਾਉਣ ਲਈ ਸੱਜੇ ਹੱਥ ਦੀ ਪਹਿਲੀ ਉਂਗਲ ਵਿਚ ਸਿਤਾਰ ਦੀ ਮਿਜ਼ਰਾਬ ਪਾ ਕੇ ਵਜਾਉਂਦੇ ਹਨ ਅਤੇ ਉਪਰਲੇ ਪਾਸੇ ਖੱਬੇ ਹੱਥ ਦੀਆਂ ਉਂਗਲਾਂ ਨਾਲ ਤਾਰ ਨੂੰ ਦਬਾ ਕੇ ਸੁਰ ਕੱਢੇ ਜਾਂਦੇ ਹਨ। ਪਰ ਪਹਿਲਾਂ ਇਸ ਨੂੰ ਖ਼ਾਲੀ ਉਂਗਲ ਨਾਲ ਹੀ ਵਜਾਉਣ ਦਾ ਰਿਵਾਜ ਸੀ। ਅੱਜ ਵੀ ਕਈ ਲੋਕ ਇਸ ਨੂੰ ਇਕ ਉਂਗਲ ਨਾਲ ਹੀ ਵਜਾਉਂਦੇ ਹਨ, ਮਿਜ਼ਰਾਬ ਦੀ ਵਰਤੋਂ ਨਹੀਂ ਕਰਦੇ।

ਅੱਜ ਪੰਜਾਬ ਦੇ ਲੋਕ ਗੀਤਾਂ ਵਿਚ ਜੋ ਮਹੱਤਤਾ ਇਸ ਸਾਜ਼ ਨੂੰ ਪ੍ਰਾਪਤ ਹੈ ਸ਼ਾਇਦ ਹੋਰ ਕਿਸੇ ਸਾਜ਼ ਨੂੰ ਵੀ ਨਹੀਂ।

---

## (ਅ) ਸਾਰੰਗੀ

ਭਾਰਤੀ ਸੰਗੀਤ ਸਾਜ਼ਾਂ ਵਿਚ ਕੇਵਲ ਸਾਰੰਗੀ ਹੀ ਇਸ ਤਰ੍ਹਾਂ ਹੈ ਜਿਸ ਵਿਚ ਹਰ ਗਾਇਕੀ ਅੰਗ ਵਜਾਇਆ ਜਾ ਸਕਦਾ ਹੈ। ਜਿਵੇਂ ਕਿ ਇਸ ਦੇ ਨਾਂ ਤੋਂ ਸਪੱਸ਼ਟ ਹੁੰਦਾ ਹੈ ਇਸ

Sri Satguru Jagjit Singh Ji Elibrary NamdhariElibrary@gmail.com

ਵਿਚ ਸੌ ਰੰਗ ਹੁੰਦੇ ਹਨ ਅਰਥਾਤ ਹਰੇਕ ਰੰਗ ਨਾਲ ਇਹ ਭਰਪੂਰ ਹੈ।


ਇਸ ਨੂੰ ਸ਼ਾਸਤਰੀ ਸੰਗੀਤ ਅਤੇ ਲੋਕ ਸੰਗੀਤ ਵਿਚ ਪ੍ਰਯੋਗ ਕੀਤਾ ਜਾਂਦਾ ਹੈ। ਪਰ ਸ਼ਾਸਤਰੀ ਸੰਗੀਤ ਵਿਚ ਅਤੇ ਲੋਕ ਸੰਗੀਤ ਵਿਚ ਪ੍ਰਯੋਗ ਹੋਣ ਵਾਲੀਆਂ ਸਾਰੰਗੀਆਂ ਦਾ ਆਪਸ ਵਿਚ ਥੋੜ੍ਹਾ ਬਹੁਤ ਫ਼ਰਕ ਹੁੰਦਾ ਹੈ। ਸ਼ਾਸਤਰੀ ਸੰਗੀਤ ਵਿਚ ਪ੍ਰਯੋਗ ਹੋਣ ਵਾਲੀ ਸਾਰੰਗੀ ਦੀਆਂ ਤਾਰਾਂ ਲੋਕ ਸੰਗੀਤ ਵਿਚ ਪ੍ਰਯੋਗ ਹੋਣ ਵਾਲੀ ਸਾਰੰਗੀ ਨਾਲੋਂ ਵਧੇਰੇ ਹੁੰਦੀਆਂ ਹਨ। ਸ਼ਾਸਤਰੀ ਸੰਗੀਤ ਵਿਚ ਪ੍ਰਯੋਗ ਹੋਣ ਵਾਲੀ ਸਾਰੰਗੀ ਦਾ ਸਾਥ ਤਬਲਾ ਦਿੰਦਾ ਹੈ ਅਤੇ ਲੋਕ ਸੰਗੀਤ ਵਿਚ ਪ੍ਰਯੋਗ ਹੋਣ ਵਾਲੀ ਸਾਰੰਗੀ ਦੀ ਸੰਗਤ ਢੱਡ ਕਰਦੀ ਹੈ।

ਪੰਜਾਬ ਦੇ ਲੋਕ ਸੰਗੀਤ ਵਿਚ ਸਾਰੰਗੀ ਦਾ ਕਾਫ਼ੀ ਮਹੱਤਵਪੂਰਣ ਸਥਾਨ ਹੈ। ਸਾਰੰਗੀ ਨਾਲ ਕਲੀਆਂ ਗਾਈਆਂ ਜਾਂਦੀਆਂ ਹਨ ਜਿਵੇਂ ਹੀਰ ਦੀ ਕਲੀ, ਸੱਸੀ ਦੀ ਕਲੀ, ਮਿਰਜ਼ੇ ਦੀ ਕਲੀ, ਦੂਲਾ ਭੱਟੀ ਆਦਿ ਕਿੱਸੇ ਗਾਏ ਜਾਂਦੇ ਹਨ। ਕਦੇ ਕਦੇ ਬੋਲੀਆਂ ਵਿਚ ਵੀ ਇਸ ਦਾ ਪ੍ਰਯੋਗ ਹੁੰਦਾ ਹੈ।

**ਬਲਾਵਟ**

ਇਹ ਲਗਭਗ ਦੋ ਫੁਟ ਲੰਬੀ ਹੁੰਦੀ ਹੈ। ਆਮ ਤੌਰ ਤੇ ਇਸ ਦੀ ਲੰਬਾਈ 58 ਸੈਂਟੀਮੀਟਰ ਤੇ ਚੌੜਾਈ 13 ਸੈਂਟੀਮੀਟਰ ਹੁੰਦੀ ਹੈ। ਇਸ ਵਿਚ ਤੂੰਬੇ ਦੀ ਜਗ੍ਹਾ ਤੇ ਲਕੜੀ ਦਾ ਬਣਿਆ ਹੋਇਆ ਢਿੱਡ ਹੁੰਦਾ ਹੈ, ਜਿਹੜਾ ਹੇਠਾਂ ਨੂੰ ਚਿਪਕਿਆ ਹੋਇਆ ਅਤੇ ਉੱਤੇ ਨੂੰ ਡਮਰੂ ਦੇ ਆਕਾਰ ਦਾ ਹੁੰਦਾ ਹੈ। ਇਹ ਲਕੜੀ ਨੂੰ ਖੋਦ ਕੇ ਬਣਾਇਆ ਜਾਂਦਾ ਹੈ ਅਤੇ ਇਹਦੇ ਉੱਤੇ ਚਮੜੇ ਨੂੰ ਮੜ੍ਹ ਦਿੱਤਾ ਜਾਂਦਾ ਹੈ। ਇਸ ਚਮੜੇ ਦੇ ਉੱਤੇ ਵਿਚਕਾਰ ਨੂੰ ਊਠ ਦੀ ਹੱਡੀ ਦੀ ਘੋੜੀ ਦੇ ਉਪਰੋਂ ਚਾਰ ਤੰਦਾਂ (ਚਮੜੇ ਦੀਆਂ ਤਾਰਾਂ) ਖੂੰਟੀਆਂ ਵੱਲ ਚਲੀਆਂ ਜਾਂਦੀਆਂ ਹਨ। ਇਸ ਨੂੰ ਕਮਾਨ (bow) ਦੀ ਮਦਦ ਨਾਲ ਵਜਾਇਆ

Sri Satguru Jagjit Singh Ji Elibrary NamdhariElibrary@gmail.com




ਸਾਰੰਗੀ

ਜਾਂਦਾ ਹੈ। ਖੱਬੇ ਹੱਥ ਦੀਆਂ ਉਂਗਲੀਆਂ ਦੇ ਨਹੁੰ ਨਾਲ ਤੰਦ ਦੀਆਂ ਤਾਰਾਂ ਨੂੰ ਪਿੱਛੇ ਤੋਂ ਛੂਹ ਕੇ ਆਪਣੀ ਇੱਛਾ ਅਨੁਸਾਰ ਸੁਰ ਕੱਢੇ ਜਾਂਦੇ ਹਨ। ਇਸ ਵਿਚ ਪਰਦੇ ਨਹੀਂ ਹੁੰਦੇ ਕੇਵਲ ਅਭਿਆਸ ਦੇ ਨਾਲ ਸੁਰ ਕੱਢੇ ਜਾਂਦੇ ਹਨ।

---

## (ੲ) ਤੂੰਬਾ

ਇਹ ਭਾਰਤੀ ਪ੍ਰਾਚੀਨ ਤੱਤ ਸਾਜ਼ਾਂ ਵਿਚੋਂ ਇਕ ਹੈ ਜਿਸ ਨੂੰ ਕਿ ਪੰਜਾਬ ਦੇ ਲੋਕ ਸੰਗੀਤ ਵਿਚ ਤੂੰਬਾ ਜਾਂ ਘੁਮਚੂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਤਰ੍ਹਾਂ ਦਾ ਇਕ ਸਾਜ਼ ਮਹਾਂਰਾਸ਼ਟਰ ਵਿਚ ਵੀ ਹੈ ਜਿਸ ਨੂੰ ਮਹਾਂਰਾਸ਼ਟਰ ਦੇ ਲੋਕ 'ਤੁਨਤਨਾ' ਆਖਦੇ ਹਨ।

ਪੰਜਾਬ ਲੋਕ ਸੰਗੀਤ ਵਿਚ ਅੱਜ ਬੇਸ਼ਕ ਇਸ ਦੀ ਵਰਤੋਂ ਵੱਡੀ


Sri Satguru Jagjit Singh Ji Elibrary NamdhariElibrary@gmail.com

ਮਾਤਰਾ ਵਿਚ ਨਹੀਂ ਕੀਤੀ ਜਾਂਦੀ, ਪਰ ਫਿਰ ਵੀ ਪੰਜਾਬ ਦੇ ਲੋਕ ਗੀਤਾਂ, ਭੰਗੜੇ, ਗਿੱਧੇ ਅਤੇ ਪੰਜਾਬੀ ਬੋਲੀਆਂ ਵਿਚ ਇਸ ਦਾ ਮਹੱਤਵਪੂਰਣ ਸਥਾਨ ਹੈ।

ਲੋਕ ਗੀਤਾਂ ਜਾਂ ਬੋਲੀਆਂ ਨਾਲ ਇਸ ਦਾ ਪ੍ਰਯੋਗ ਕੰਨਾਂ ਨੂੰ ਸੁਣਨ ਵਿਚ ਬੜਾ ਮਿੱਠਾ ਲਗਦਾ ਹੈ ।

**ਬਣਾਵਟ**

ਇਸ ਦੀ ਬਣਾਵਟ ਬੜੀ ਸਿੱਧੀ ਤੇ ਸਾਧਾਰਣ ਹੁੰਦੀ ਹੈ। ਇਹ ਆਮ ਤੌਰ ਤੇ ਅੰਬ ਦੀ ਲਕੜੀ ਦਾ ਬਣਿਆ ਹੁੰਦਾ ਹੈ ਅਤੇ ਇਸ ਦੀ ਲੰਬਾਈ ਗਿਆਰਾਂ ਉਂਗਲ ਤੋਂ ਲੈ ਕੇ ਤੇਰ੍ਹਾਂ ਉਂਗਲ ਤਕ ਹੁੰਦੀ ਹੈ। ਢੱਡ ਵਾਂਗ ਇਸ ਦਾ ਢਿੱਡ ਵਿਚੋਂ ਪਿਚਕਿਆ ਹੋਇਆ ਤੇ ਮੂੰਹ ਖੁਲ੍ਹਾ ਹੁੰਦਾ ਹੈ। ਇਸ ਦੇ ਮੂੰਹ ਦਾ ਆਕਾਰ ਸੱਤ ਅੱਠ ਉਂਗਲ ਗੋਲਾਈ ਵਿਚ ਹੁੰਦਾ ਹੈ। ਇਸ ਦੇ ਇਕ ਮੂੰਹ ਉੱਤੇ ਚਮੜੇ ਦੀ ਖੱਲ ਮੜ੍ਹੀ ਹੁੰਦੀ ਹੈ। ਇਸ ਮੜ੍ਹੀ ਹੋਈ ਖੱਲ ਦੇ ਵਿਚਕਾਰ




ਤੂੰਬਾ

Sri Satguru Jagjit Singh Ji Elibrary NamdhariElibrary@gmail.com

ਲਗਭਗ ਅੱਧਾ ਮੀਟਰ ਚਮੜੇ ਦੀ ਤੰਦ (ਤਾਰ) ਪਿਰੋ ਕੇ ਦੂਜੇ ਮੂੰਹ ਰਾਹੀਂ ਕੱਢ ਦਿੱਤੀ ਜਾਂਦੀ ਹੈ। ਇਸ ਤੰਦ ਦੇ ਚਮੜੇ ਵਾਲੇ ਸਿਰੇ ਨੂੰ ਗੰਢ ਦਿੱਤੀ ਜਾਂਦੀ ਹੈ ਤੇ ਦੂਜੇ ਸਿਰੇ ਨੂੰ ਇਹ ਲਕੜੀ ਦੇ ਗੱਟੇ ਵਿਚ ਗੰਢ ਮਾਰ ਕੇ ਪਿਰੋ ਦਿੱਤਾ ਜਾਂਦਾ ਹੈ।

ਇਸ ਦੇ ਵਜਾਉਣ ਦਾ ਢੰਗ ਇਹ ਹੈ ਕਿ ਤੂੰਬੇ ਨੂੰ ਖੱਬੇ ਪਾਸੇ ਕੁਛੜ ਵਿਚ ਮਾਰ ਕੇ ਤੰਦ 'ਤਾਰ' ਸਿੱਧੀ ਕਰ ਲਈ ਜਾਏ ਤੇ ਸੱਜੇ ਹੱਥ ਦੀ ਪਹਿਲੀ ਉਂਗਲੀ ਨਾਲ ਇਸ ਤੰਦ ਤੇ ਚੋਟ ਮਾਰਦੇ ਹੋਏ ਲਕੜੀ ਦੇ ਗੱਟੇ ਨੂੰ ਬੇ ਹੱਥ ਖੱਨਾਲ ਖਿੱਚਿਆ ਜਾਂ ਢਿੱਲਾ ਕੀਤਾ ਜਾਂਦਾ ਹੈ, ਇਸ ਤਰ੍ਹਾਂ ਇਸ ਵਿਚੋਂ 'ਗਮਕ' ਦੀ ਆਵਾਜ਼ ਪੈਦਾ ਹੁੰਦੀ ਹੈ ਪਰ ਇਹ 'ਗਮਕ' ਢੱਡ ਦੀ ਗਮਕ ਨਾਲੋਂ ਵੱਖਰੀ ਹੁੰਦੀ ਹੈ। ਇਹ ਸਾਜ਼ ਲੋਕ ਗੀਤਾਂ ਜਾਂ ਬੋਲੀਆਂ ਵਿਚ ਸੁਰ ਨਾਲੋਂ ਜ਼ਿਆਦਾ ਤਾਲ ਪ੍ਰਧਾਨ ਰਹਿੰਦਾ ਹੈ।

——

## (ਸ) ਦੋ ਤਾਰਾ

ਇਹ ਇਕ ਤਾਰੇ ਦਾ ਹੀ ਇਕ ਰੂਪ ਹੈ। ਇਕ ਤਾਰਾ, ਦੋ ਤਾਰਾ, ਚੌਤਾਰਾ ਇਹ ਤਿੰਨੇ ਸਾਜ਼ ਭਗਤੀ ਸੰਗੀਤ ਨਾਲ ਹੀ ਪ੍ਰਯੋਗ ਕੀਤੇ ਜਾਂਦੇ ਸਨ। ਅੱਜ ਵੀ ਕਿਤੇ ਕਿਤੇ ਇਨ੍ਹਾਂ ਦਾ ਪ੍ਰਯੋਗ ਹੁੰਦਾ ਹੈ।

ਸਮੇਂ ਦੇ ਨਾਲ ਅਤੇ ਲੋਕਾਂ, ਦੇ ਸੁਭਾ ਅਨੁਸਾਰ ਇਹ ਦੋਵੇਂ ਸਾਜ਼ (ਇਕ ਤਾਰਾ, ਦੋ ਤਾਰਾ) ਲੋਕ ਸੰਗੀਤ ਵਿਚ ਪ੍ਰਯੋਗ ਕੀਤੇ ਜਾਣ ਲੱਗੇ। ਲੋਕ ਸੰਗੀਤ ਵਿਚ ਸਭ ਤੋਂ ਪਹਿਲਾਂ ਇਕ ਤਾਰੇ ਦੀ ਵਰਤੋਂ ਹੋਣ ਲੱਗੀ ਅਤੇ ਉਸ ਤੋਂ ਬਾਅਦ ਦੋ ਚੌਤਾਰਾ, ਤਾਰਾ ਉਸੀ ਤਰ੍ਹਾਂ

Sri Satguru Jagjit Singh Ji Elibrary NamdhariElibrary@gmail.com

ਹੀ ਪ੍ਰਯੋਗ ਹੁੰਦਾ ਆ ਰਿਹਾ ਹੈ। ਭਾਵ ਇਹ ਪਹਿਲਾਂ ਤੋਂ ਲੈ ਕੇ ਹੁਣ ਤਕ ਭਗਤੀ ਸੰਗੀਤ ਨਾਲ ਹੀ ਪ੍ਰਯੋਗ ਕੀਤਾ ਜਾਂਦਾ ਹੈ।

ਇਕ ਤਾਰੇ ਨੂੰ ਥੋੜ੍ਹਾ ਵੱਡਾ ਕਰਨ ਨਾਲ ਅਤੇ ਇਕ ਹੋਰ ਤਾਰ ਲਗਾਉਣ ਨਾਲ ਹੀ ਦੋ ਤਾਰਾ ਬਣ ਜਾਂਦਾ ਹੈ।

ਪੰਜਾਬ ਦੇ ਲੋਕ ਗੀਤਾਂ ਵਿਚ ਜੋ ਸਥਾਨ ਇਕ ਤਾਰੇ ਨੂੰ ਮਿਲਿਆ ਹੈ, ਬੇਸ਼ਕ ਉਹ ਸਥਾਨ ਦੋ ਤਾਰਾ ਨਹੀਂ ਲੈ ਸਕਿਆ ਪਰ ਫਿਰ ਵੀ ਪੰਜਾਬੀ ਲੋਕ ਗੀਤਾਂ ਵਿਚ ਇਸ ਦੀ ਕਾਫ਼ੀ ਮਹੱਤਤਾ ਹੈ।

ਜੇ ਅਸੀਂ ਸ਼ਾਸਤਰੀ ਸੰਗੀਤ ਦੇ ਪੱਖ ਨਾਲ ਵੇਖੀਏ ਤਾਂ ਦੋ ਤਾਰਾ ਇਕ ਤਾਰੇ ਨਾਲੋਂ ਜ਼ਿਆਦਾ ਉਚਿਤ ਹੈ ਕਿਉਂਕਿ ਇਸ ਵਿਚ ਦੋ ਤਾਰਾਂ ਲੱਗੀਆਂ ਹੁੰਦੀਆਂ ਹਨ ਜਿਹੜੀਆਂ ਕਿ 'ਸਾ' ਅਤੇ 'ਪਾ' ਦੇ ਸੁਰਾਂ ਉੱਤੇ ਮਿਲੀਆਂ ਹੁੰਦੀਆਂ ਹਨ। ਇਨ੍ਹਾਂ ਦੋਹਾਂ ਤਾਰਾਂ ਉੱਤੇ ਅਸੀਂ ਪੂਰੀ 'ਸਰਗਮ' :


ਆਰੋਹ : ਸ ਰੇ ਗ ਮ ਪ ਧ ਨੀ ਸ।
ਅਵਰੋਹ : ਸ ਨੀ ਧ ਪ ਮ ਗ ਰੇ ਸ।

ਕੱਢ ਸਕਦੇ ਹਾਂ। ਇਕ ਤਾਰੇ ਤੋਂ ਸਾਨੂੰ ਸਿਰਫ਼ ਤਿੰਨ ਚਾਰ ਸੁਰ ਹੀ ਆਸਾਨੀ ਨਾਲ ਮਿਲਦੇ ਹਨ ਪਰ ਫਿਰ ਵੀ ਇਕ ਤਾਰੇ ਨੂੰ ਹੀ ਪੰਜਾਬੀ ਲੋਕ ਗੀਤਾਂ ਵਿਚ ਦੋ ਤਾਰੇ ਨਾਲੋਂ ਵਧੇਰੇ ਉਚਿਤ ਸਥਾਨ ਮਿਲਦਾ ਹੈ।

**ਬਣਾਵਟ**

ਦੋ ਤਾਰੇ ਦੀ ਬਣਾਵਟ ਵੀ ਇਕ ਤਾਰੇ ਦੀ ਬਣਾਵਟ ਵਾਂਗ ਹੁੰਦੀ ਹੈ। ਇਸ ਦੀ ਲੰਬਾਈ ਵੀ ਆਮ ਤੌਰ ਤੇ 70 ਸੈਂਟੀਮੀਟਰ ਤੇ ਖੋਲ ਦੀ ਚੌੜਾਈ 15 ਸੈਂਟੀਮੀਟਰ ਹੁੰਦੀ ਹੈ। ਇਹ ਕੱਦੂ ਜਾਂ ਲਕੜੀ ਨੂੰ ਖੋਖਲਾ ਕਰਕੇ ਇਕ ਖੋਲ ਬਣਾ ਲਿਆ ਜਾਂਦਾ ਹੈ। ਇਸ ਦੇ ਵਿਚ ਇਕ ਲਕੜੀ ਦਾ ਡੰਡਾ ਤਰਾਸ਼ ਕੇ ਜਿਹੜਾ ਗੋਲਾਈ ਵਿਚ ਹੋਵੇ ਹੇਠਲੇ ਪਾਸਿਓਂ ਪਤਲਾ ਉਪਰੋਂ ਮੋਟਾ ਹੁੰਦਾ ਹੈ ਤੂੰਬੇ ਜਾਂ ਲਕੜੀ

Sri Satguru Jagjit Singh Ji Elibrary NamdhariElibrary@gmail.com




ਦੋਤਾਰਾ

ਵਿਚ ਆਰਪਾਰ ਲਗਾ ਦਿੱਤਾ ਜਾਂਦਾ ਹੈ। ਤੂੰਬੇ ਦੇ ਪਿਛਲੇ ਪਾਸੇ ਲਕੜੀ ਦੇ ਡੰਡੇ ਦਾ ਪਤਲਾ ਪਾਸਾ ਹੇਠਲੇ ਪਾਸਿਓਂ ਥੋੜ੍ਹਾ ਬਾਹਰ ਨਿਕਲਿਆ ਹੁੰਦਾ ਹੈ ਤਾਂ ਜੋ ਇਸ ਦੇ ਵਿਚ ਮਰੋੜ ਕੇ ਤਾਰਾਂ

Sri Satguru Jagjit Singh Ji Elibrary NamdhariElibrary@gmail.com

ਲਗਾਈਆਂ ਜਾ ਸਕਣ। ਦੋ ਤਾਰੇ ਦੇ ਕੱਦੂ ਜਾਂ ਲਕੜ ਦੇ ਖੋਲ ਉੱਤੇ ਪਤਲੀ ਖੱਲ ਮੜ੍ਹ ਦਿੱਤੀ ਜਾਂਦੀ ਹੈ ਅਤੇ ਖੱਲ ਉੱਤੇ ਇਕ ਬਾਂਸ ਦੀ ਘੋੜੀ ਰਖੀ ਜਾਂਦੀ ਹੈ। ਡੰਡੇ ਦੇ ਉਪਰਲੇ ਪਾਸੇ ਦੋ ਤਾਰਾਂ ਲਈ ਖੂੰਟੀਆਂ ਹੁੰਦੀਆਂ ਹਨ। ਇਨ੍ਹਾਂ ਦੋਹਾਂ ਤਾਰਾਂ ਨੂੰ ਸਾ ਅਤੇ ਪਾ ਦੇ ਸੁਰਾਂ ਤੇ ਮਿਲਾਇਆ ਜਾਂਦਾ ਹੈ।

ਪਹਿਲਾਂ ਕਈ ਲੋਕ ਇਸ ਨੂੰ ਵਜਾਉਣ ਲਈ ਸੱਜੇ ਹੱਥ ਦੀ ਖ਼ਾਲੀ ਪਹਿਲੀ ਉਂਗਲੀ ਦੀ ਵਰਤੋਂ ਕਰਦੇ ਸਨ ਪਰ ਅੱਜ ਕਲ੍ਹ ਸੱਜੇ ਹਥ ਦੀ ਪਹਿਲੀ ਉਂਗਲੀ ਵਿਚ ਸਿਤਾਰ ਦੀ ਮਿਜ਼ਰਾਬ ਪਾ ਕੇ ਇਸ ਨੂੰ ਵਜਾਇਆ ਜਾਂਦਾ ਹੈ ਅਤੇ ਖੱਬੇ ਹੱਥ ਦੀਆਂ ਉਂਗਲਾਂ ਨਾਲ ਉਪਰਲੇ ਪਾਸੇ ਦੋਹਾਂ ਤਾਰਾਂ ਨੂੰ ਦਬਾ ਕੇ ਸੁਰ ਕੱਢੇ ਜਾਂਦੇ ਹਨ।

Sri Satguru Jagjit Singh Ji Elibrary NamdhariElibrary@gmail.com

## 3. ਸੁਸ਼ਿਰ ਸਾਜ਼


ਆਰੰਭ ਵਿਚ ਆਦਿ ਮਾਨਵ ਨੇ ਜੰਗਲ ਵਿਚ ਗੁਜ਼ਰਦੀ ਹੋਈ ਆਵਾਜ਼ ਦੀ ਸਾਂ ਸਾਂ ਨੂੰ ਸੁਣਿਆ ਹੋਵੇਗਾ ਜਿਸ ਦੇ ਨਤੀਜੇ ਵਜੋਂ ਉਸ ਨੂੰ ਇਸ ਗੱਲ ਦਾ ਧਿਆਨ ਹੋਇਆ ਹੋਵੇਗਾ ਕਿ ਬਾਂਸ ਵਿਚ ਹਵਾ ਦੇ ਪ੍ਰਵੇਸ਼ ਨਾਲ ਇਕ ਪ੍ਰਕਾਰ ਦੀ ਧੁਨੀ ਉਤਪੰਨ ਹੁੰਦੀ ਹੈ। ਸੁਸ਼ਿਰ ਸਾਜ਼ਾਂ ਵਿਚ ਸਭ ਤੋਂ ਪ੍ਰਾਚੀਨ ਸਾਜ਼ ਬੰਸਰੀ, ਬੇਣੂ ਅਤੇ ਮੁਰਲੀ ਹੈ। ਭਗਵਾਨ ਕ੍ਰਿਸ਼ਨ ਨੂੰ ਅਸੀਂ ਸੁਸ਼ਿਰ ਸਾਜ਼ ਦਾ ਪ੍ਰਮੁੱਖ ਵਾਦਕ ਮੰਨਦੇ ਹਾਂ ਜਿਨ੍ਹਾਂ ਦੀ ਬੰਸਰੀ ਦੀ ਮਧੁਰ ਧੁਨੀ ਸੁਣ ਕੇ ਗੋਪੀਆਂ ਆਪਣੀ ਸੁਧ ਬੁਧ ਖੋ ਦਿੰਦੀਆਂ ਸਨ। ਆਧੁਨਿਕ ਯੁਗ ਵਿਚ ਸੁਸ਼ਿਰ ਸਾਜ਼ ਦੇ ਕਈ ਵਿਕਸਿਤ ਅਤੇ ਪ੍ਰਚੱਲਿਤ ਰੂਪ ਹਨ ਜਿਨ੍ਹਾਂ ਵਿਚੋਂ ਬੰਸਰੀ, ਸ਼ਹਿਨਾਈ, ਬੀਨ, ਨਾਗਸਵਰਮ, ਨਗੋਜ਼ੇ, ਅਲਗੋਜ਼ੇ, ਕਲਾਰਨੈਟ, ਹਾਰਮੋਨੀਅਮ, ਬਿੰਗਲ, ਸੰਖ ਆਦਿ।

---

## (ੳ) ਨਗੋਜ਼ੇ

ਪੰਜਾਬ ਦੇ ਲੋਕ ਗੀਤਾਂ ਵਿਚ ਨਗੋਜ਼ਿਆਂ ਦਾ ਇਕ ਮਹੱਤਵਪੂਰਣ ਸਥਾਨ ਹੈ। ਪੰਜਾਬ ਵਿਚ ਆਮ ਤੌਰ ਤੇ ਇਹ ਸਾਜ਼ ਲੋਕ ਗੀਤਾਂ ਨਾਲ ਵਜਾਇਆ ਜਾਂਦਾ ਹੈ। ਪਿੰਡਾਂ ਵਿਚ ਗਊਆਂ, ਮੱਝਾਂ ਚਰਾਉਣ

Sri Satguru Jagjit Singh Ji Elibrary NamdhariElibrary@gmail.com




ਨਗੋਂਚੇ

ਵਾਲੇ (ਪਾਲੀ) ਦਾ ਇਹ ਮਨ ਭਾਉਂਦਾ ਸਾਜ਼ ਹੈ। ਇਸ ਸਾਜ਼ ਨੂੰ ਬਣਾਉਣ ਵਾਸਤੇ ਬਾਂਸ ਨੂੰ ਖੋਖਲਾ ਕੀਤਾ ਜਾਂਦਾ ਹੈ। ਬੰਸਰੀ ਦਾ ਹੀ ਇਹ ਇਕ ਰੂਪ ਹੈ। ਇਹ ਦੋਵੇਂ ਬੰਸਰੀਆਂ ਨੂੰ ਇਕੱਠਾ ਵਜਾ-ਇਆ ਜਾਂਦਾ ਹੈ। ਇਸ ਵਿਚ ਚਾਰ ਤੋਂ ਲੈ ਕੇ ਛੇ ਤਕ ਛੇਦ ਹੁੰਦੇ ਹਨ ਅਤੇ ਇਨ੍ਹਾਂ ਨੂੰ ਇਕੱਠੇ ਹੀ ਫੂਕ ਮਾਰੀ ਜਾਂਦੀ ਹੈ। ਇਹ ਸਾਜ਼ ਦੋਵੇਂ ਹੱਥਾਂ ਨਾਲ ਵਜਾਇਆ ਜਾਂਦਾ ਹੈ। ਹਰੇਕ ਬੰਸਰੀ ਉੱਤੇ ਤਿੰਨ ਤਿੰਨ ਉਂਗਲਾਂ ਰਖੀਆਂ ਜਾਂਦੀਆਂ ਹਨ। ਇਸ ਸਾਜ਼ ਨਾਲ

Sri Satguru Jagjit Singh Ji Elibrary NamdhariElibrary@gmail.com

ਲੋਕ ਗੀਤਾਂ ਦੀ ਸੰਗਤ ਕੀਤੀ ਜਾਂਦੀ ਹੈ ਅਤੇ ਸੁਤੰਤਰ ਰੂਪ ਨਾਲ ਵਜਾਇਆ ਜਾਂਦਾ ਹੈ।

ਅਲਵਰ ਦੇ MEOS ਵੀ ਇਸ ਨੂੰ ਗੀਤਾਂ ਦ ਨਾਲ ਵਜਾਉਂਦੇ ਹਨ। ਇਸ ਸਾਜ਼ ਦਾ ਸੁਰ ਕਾਫ਼ੀ ਉੱਚਾ ਹੁੰਦਾ ਹੈ। ਇਸ ਕਰਕੇ ਇਸ ਦੇ ਨਾਲ ਗਾਉਣ ਵਾਲੇ ਵੀ ਕਾਫ਼ੀ ਉੱਚੇ ਸੁਰ ਤੇ ਗਾਉਂਦੇ ਹਨ। ਸਿੰਧ ਪ੍ਰਦੇਸ਼ ਵਿਚ ਥੋੜ੍ਹਾ ਜਿਹਾ ਅੰਤਰ ਕਰਕੇ ਇਸ ਸਾਜ਼ ਨੂੰ ਬੀਨ ਆਖਦੇ ਹਨ।

ਅੱਜ ਕਲ੍ਹ ਨਗੋਜ਼ਿਆਂ ਨੂੰ ਪੰਜਾਬ ਦੇ ਲੋਕ ਸਾਜ਼ਾਂ ਨਾਲ, ਪੰਜਾਬੀ ਬੋਲੀਆਂ ਅਤੇ ਹੋਰ ਕਈ ਲੋਕ ਗੀਤਾਂ, ਗਿੱਧਿਆਂ ਅਤੇ ਭੰਗੜਿਆਂ ਨਾਲ ਵਜਾਉਂਦੇ ਹਨ।

Sri Satguru Jagjit Singh Ji Elibrary NamdhariElibrary@gmail.com

## 4. ਘਣ ਸਾਜ਼

ਸਾਜ਼ਾਂ ਦੀ ਅੰਤਿਮ ਪ੍ਰਕਾਰ ਘਣ ਸਾਜ਼ ਹੈ। ਇਨ੍ਹਾਂ ਸਾਜ਼ਾਂ ਦੀ ਧੁਨੀ ਕਿਸੀ ਧਾਤੂ ਜਾਂ ਲਕੜੀ ਦੇ ਆਪਸੀ ਟਕਰਾਅ ਨਾਲ ਪੈਦਾ ਹੁੰਦੀ ਹੈ। ਪ੍ਰਾਚੀਨ ਕਾਲ ਤੋਂ ਹੀ ਮੰਦਰਾਂ ਵਿਚ ਖੜਕਦੇ ਹੋਏ ਟੱਲ, ਘੜਿਆਲ, ਘੰਟਿਆਂ, ਘੁੰਘਰੂ ਆਦਿ ਦਾ ਉਲੇਖ ਮਿਲਦਾ ਹੈ। ਅੱਜ ਅਸੀਂ ਇਸ ਦੇ ਅੰਤਰਗਤ ਮੰਜੀਰਾ, ਖੜਤਾਲ, ਝਾਂਜ, ਕਰਤਾਲ, ਜਲਤਰੰਗ, ਕਾਠ ਤਰੰਗ, ਨਲ ਤਰੰਗ ਕਾਂਚ ਤਰੰਗ, ਚਿਮਟਾ, ਮੰਜੀਰਾ, ਮੋਰਚੰਗ ਆਦਿ ਦਾ ਰੂਪ ਵੇਖਦੇ ਹਾਂ। ਅੱਜ ਦਾ ਯੁਗ ਸਾਜ਼ਾਂ ਦਾ ਯੁਗ ਹੈ ਫਿਰ ਵੀ ਪੱਛਮੀ ਦੇਸ਼ਾਂ ਦੀ ਤੁਲਨਾ ਵਿਚ ਭਾਰਤੀ ਸਾਜ਼ ਉੱਨੇ ਵਿਕਸਿਤ ਨਹੀਂ ਹੋ ਸਕੇ ਅਤੇ ਨਾ ਹੀ ਉਤਨੀ ਮਾਤਰਾ ਵਿਚ ਸਾਜ਼ਾਂ ਦਾ ਪ੍ਰਚਾਰ ਹੈ। ਕਾਰਣ ਇਹ ਹੈ ਕਿ ਪੱਛਮੀ ਸੰਗੀਤ ਜਿਤਨਾ ਵਾਦਿਆ ਵਾਦਨ ਤੇ ਜ਼ੋਰ ਦਿੰਦਾ ਹੈ ਇਤਨਾ ਭਾਰਤੀ ਸੰਗੀਤ ਨਹੀਂ।


—

### (ੳ) ਚਿਮਟਾ

ਚਿਮਟਾ ਪੰਜਾਬ ਦੇ ਪ੍ਰਸਿੱਧ ਨਾਚ ਭੰਗੜੇ ਵਿਚ ਪ੍ਰਯੋਗ ਹੋਣ ਵਾਲਾ ਮੁਖ ਸਾਜ਼ ਹੈ। ਇਸ ਨੂੰ ਲੋਕ- ਗੀਤਾਂ ਵਿਚ ਢੋਲਕੀ ਦੇ ਨਾਲ

Sri Satguru Jagjit Singh Ji Elibrary NamdhariElibrary@gmail.com

ਵਜਾਇਆ ਜਾਂਦਾ ਹੈ। ਇਸ ਤੋਂ ਇਲਾਵਾ ਇਹ ਸਾਜ਼ ਭਜਨ, ਕੀਰਤਨ, ਨਗਰ ਕੀਰਤਨ, ਪ੍ਰਭਾਤ ਫੇਰੀ ਲਈ ਵੀ ਪ੍ਰਯੋਗ ਕਰਦੇ ਹਨ।




ਚਿਮਟਾ

**ਬਣਾਵਟ**

ਇਹ ਲੋਹੇ ਦਾ ਲਗਭਗ ਦੋ ਤੋਂ ਚਾਰ ਫੁਟ ਲੰਬਾ ਆਮ ਚਿਮ-ਟਿਆਂ ਦੇ ਸਮਾਨ ਹੁੰਦਾ ਹੈ। ਇਸ ਦੀ ਲੰਬਾਈ ਆਮ ਤੌਰ ਤੇ 10 ਸੈਂਟੀਮੀਟਰ ਹੁੰਦੀ ਹੈ। ਇਸ ਦੇ ਮੁਠ ਦੇ ਮੋੜ ਉੱਤੇ ਇਕ ਗੋਲ ਆਕਾਰ ਦਾ ਲੋਹੇ ਦਾ ਕੜਾ ਹੁੰਦਾ ਹੈ। ਖੱਬੇ ਹੱਥ ਨਾਲ ਉਸ ਕੜੇ ਨੂੰ ਚਿਮਟੇ ਤੇ ਮਾਰਦੇ ਹਨ ਤੇ ਸੱਜੇ ਹੱਥ ਨਾਲ ਚਿਮਟੇ ਦੇ ਦੋਵੇਂ ਪਤਰਿਆਂ ਨੂੰ ਆਪਸ ਵਿਚ ਟਕਰਾਉਂਦੇ ਹੋਏ ਇਸ ਨੂੰ ਵਜਾਉਂਦੇ ਹਨ। ਚਿਮਟੇ ਉੱਤੇ ਖੜਤਾਲ ਦੇ ਸਮਾਨ ਛੋਟੇ ਛੋਟੇ ਪਿਤਲ ਜਾਂ ਲੋਹੇ ਦੇ ਗੋਲ ਆਕਾਰ ਦੇ ਛੈਣੇ ਲੱਗੇ ਹੁੰਦੇ ਹਨ।

ਅੱਜ ਤੋਂ ਕੁਝ ਸਮਾਂ ਪਹਿਲਾਂ ਇਨ੍ਹਾਂ ਛੈਣਿਆਂ ਦਾ ਆਕਾਰ ਅੱਜ ਦੇ ਛੈਣਿਆਂ ਨਾਲੋਂ ਵੱਡਾ ਹੁੰਦਾ ਸੀ ਅਤੇ ਛੈਣੇ ਵੱਡੇ ਹੋਣ ਕਾਰਣ ਚਿਮਟੇ ਦੀ ਆਵਾਜ਼ ਭਾਰੀ ਹੁੰਦੀ ਸੀ। ਪਰੰਤੂ ਅੱਜ ਕਲ੍ਹ ਚਿਮਟੇ ਵਿਚ ਜਿਹੜੇ ਛੈਣੇ ਪੈਂਦੇ ਹਨ ਉਹ ਗੋਲ ਆਕਾਰ ਵਿਚ ਛੋਟੇ ਅਤੇ ਮਿੱਠੀ ਆਵਾਜ਼ ਦਿੰਦੇ ਹਨ।

ਜਿਹੜੇ ਚਿਮਟੇ ਉੱਤੇ ਵੱਡੇ ਆਕਾਰ ਵਾਲੇ ਛੈਣੇ ਲੱਗੇ ਹੁੰਦੇ ਹਨ ਉਹ ਚਿਮਟੇ ਦਿਹਾਤੀ ਵਾਜੇ ਵਾਲੇ ਵਜਾਉਂਦੇ ਹਨ ਅਤੇ ਜਿਹੜੇ ਚਿਮਟੇ ਉੱਤੇ ਛੋਟੇ ਆਕਾਰ ਵਾਲੇ ਛੈਣੇ ਲਗੇ ਹੁੰਦੇ ਹਨ ਉਹ ਭੰਗੜੇ, ਭਜਨਾਂ, ਕੀਰਤਨਾਂ ਵਿਚ ਪ੍ਰਯੋਗ ਹੁੰਦੇ ਹਨ।

ਅੱਜ ਵੀ ਜਦੋਂ ਪਿੰਡ ਵਿਚ ਵਿਆਹ ਸ਼ਾਦੀ ਹੋਵੇ ਜਾਂ ਕੋਈ ਹੋਰ ਖ਼ੁਸ਼ੀ ਦਾ ਉਤਸਵ ਹੋਵੇ ਤਾਂ ਉਹਨਾਂ ਦੇ ਦਿਹਾਤੀ ਵਾਜੇ ਵਾਲਿਆਂ ਦੇ ਨਾਲ ਚਿਮਟੇ ਵਾਲਾ ਵੀ ਜ਼ਰੂਰੀ ਹੁੰਦਾ ਹੈ।

———

Sri Satguru Jagjit Singh Ji Elibrary NamdhariElibrary@gmail.com

# (ਅ) ਘੜਾ

ਪੰਜਾਬ ਦੀ ਸੱਭਿਅਤਾ ਅਤੇ ਲੋਕ ਸੰਗੀਤ ਦੇ ਖੇਤਰ ਵਿਚ ਘੜੇ ਨੂੰ ਆਪਣਾ ਇਕ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਇਸ ਦੀ ਉਦਾਹਰਣ ਸੋਹਣੀ ਘੁਮਿਆਰਣ ਸਾਡੇ ਸਾਹਮਣੇ ਹੈ। ਅੱਜ ਵੀ ਸੋਹਣੀ ਦੇ ਕਿੱਸੇ ਘੜੇ ਨਾਲ ਗਾਉਂਦੇ ਹਨ। ਇਹ ਸਾਜ਼ ਪੰਜਾਬ ਦੇ ਲੋਕ-ਗੀਤਾਂ ਵਿਚ ਪ੍ਰਯੋਗ ਕੀਤਾ ਜਾਂਦਾ ਹੈ।

ਪੁਰਾਣੇ ਸਮੇਂ ਵਿਚ ਸ਼ਿਕਾਰੀ ਲੋਕ ਮਿਰਗ ਦਾ ਸ਼ਿਕਾਰ ਕਰਨ ਲਈ ਇਸ ਦੇ ਮੂੰਹ ਉੱਤੇ ਰਬੜ ਬੰਨ੍ਹ ਕੇ ਇਕ ਖ਼ਾਸ ਤਰੀਕੇ ਨਾਲ ਵਜਾਉਂਦੇ ਸੀ ਜਿਸ ਦੀ ਆਵਾਜ਼ ਸੁਣ ਕੇ ਮਿਰਗ ਕੋਲ ਆ ਜਾਂਦਾ ਸੀ ਅਤੇ ਫਿਰ ਸ਼ਿਕਾਰੀ ਲੋਕ ਉਸ ਨੂੰ ਸ਼ਿਕਾਰ ਦਾ ਨਿਸ਼ਾਨਾ ਬਣਾ ਲੈਂਦੇ ਸਨ।




ਘੜਾ

Sri Satguru Jagjit Singh Ji Elibrary NamdhariElibrary@gmail.com

ਅੱਜ ਜਿਹੜਾ ਘੜਾ ਲੋਕ ਗੀਤਾਂ ਵਿਚ ਪ੍ਰਯੋਗ ਕੀਤਾ ਜਾਂਦਾ ਹੈ ਉਸ ਦਾ ਮੂੰਹ ਉਪੱਰੋਂ ਛੋਟਾ ਤੇ ਢਿੱਡ ਵੱਡਾ ਹੁੰਦਾ ਹੈ। ਇਸ ਨੂੰ ਦੋਵੇਂ ਹੱਥਾਂ ਨਾਲ ਵਜਾਇਆ ਜਾਂਦਾ ਹੈ। ਇਕ ਹੱਥ ਘੜੇ ਦੇ ਖ਼ਾਲੀ ਮੂੰਹ ਉੱਤੇ ਮਾਰਦੇ ਹਨ ਅਤੇ ਦੂਜੇ ਨੂੰ ਘੜੇ ਦੇ ਢਿੱਡ ਵਿਚਕਾਰ ਮਾਰਦੇ ਹਨ। ਇਸ ਘੜੇ ਦਾ ਢਿੱਡ ਵੱਡਾ ਅਤੇ ਮੂੰਹ ਛੋਟਾ ਹੋਣ ਕਾਰਣ ਇਕ ਖ਼ਾਸ ਤਰ੍ਹਾਂ ਦੀ ਆਵਾਜ਼ ਨਿਕਲਦੀ ਹੈ। ਕਈ ਵਾਰੀ ਇਕ ਹੱਥ ਵਿਚ ਛੱਲੇ ਪਾ ਲਏ ਜਾਂਦੇ ਹਨ ਜਿਸ ਦੇ ਨਾਲ ਕਿ ਉਸ ਦੀ ਤਾਲ ਕੰਨਾਂ ਨੂੰ ਚੰਗੀ ਲੱਗਦੀ ਹੈ। ਇਹ ਸਾਜ਼ ਤਾਲ ਪ੍ਰਧਾਨ ਹੈ। ਆਮ ਤੌਰ ਤੇ ਘੜੇ ਦੇ ਮੂੰਹ ਦੀ ਚੌੜਾਈ 9 ਸੈਂਟੀਮੀਟਰ ਤੋਂ ਲੈ ਕੇ 12 ਸੈਂਟੀਮੀਟਰ ਤਕ ਹੁੰਦੀ ਹੈ।

ਘੜਾ ਵਜਾਉਣ ਵਾਲੇ ਅੱਜ ਕਲ੍ਹ ਆਪਣੇ ਘੜੇ ਨੂੰ ਬਾਹਰੋਂ ਕਈ ਪ੍ਰਕਾਰ ਦੇ ਰੰਗਾਂ ਨਾਲ ਰੰਗ ਲੈਂਦੇ ਹਨ ਤਾਂ ਜੋ ਵੇਖਣ ਨੂੰ ਚੰਗਾ ਲੱਗੇ।

---

## (ੲ) ਖੜਤਾਲ

ਖੜਤਾਲ ਨੂੰ ਕਰਤਾਲ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਵੀ ਇਕ ਪ੍ਰਾਚੀਨ ਕਾਲ ਦਾ ਸਾਜ਼ ਹੈ। ਪ੍ਰਾਚੀਨ ਸਮੇਂ ਤੋਂ ਲੈ ਕੇ ਹੁਣ ਤਕ ਇਹ ਸਾਧੂ ਸੰਤਾਂ ਦਾ ਮਨ ਭਾਉਂਦਾ ਸਾਜ਼ ਰਿਹਾ ਹੈ। ਅੱਜ ਵੀ ਇਹ ਮੰਦਰ, ਗੁਰਦੁਆਰਿਆਂ ਵਿਚ ਭਜਨ, ਕੀਰਤਨਾਂ ਨਾਲ ਵਜਾਈ ਜਾਂਦੀ ਹੈ। ਅੱਜ ਇਸ ਨੇ ਤਰੱਕੀ ਕਰਕੇ ਪੰਜਾਬ ਦੇ ਲੋਕ ਸੰਗੀਤ ਵਿਚ ਵੀ ਆਪਣਾ ਸਥਾਨ ਬਣਾ ਲਿਆ ਹੈ। ਅੱਜ ਦੇ


Sri Satguru Jagjit Singh Ji Elibrary NamdhariElibrary@gmail.com

ਦਿਹਾਤੀ ਗੱਭਰੂਆਂ ਨੂੰ ਇਕ ਹੱਥ ਵਿਚ ਤੂੰਬੀ (ਇਕ ਤਾਰਾ) ਤੇ ਦੂਜੇ ਹੱਥ ਵਿਚ ਖੜਤਾਲ ਦੀ ਜੋੜੀ ਲੈ ਕੇ ਵਜਾਉਂਦਿਆਂ ਤੇ ਗਾਉਂਦਿਆਂ ਵੇਖ ਸਕਦੇ ਹਾਂ। ਤੂੰਬੀ (ਇਕ ਤਾਰਾ) ਦੇ ਨਾਲ ਉਹ ਸੁਰ ਕੱਢਦੇ ਹਨ ਅਤੇ ਖੜਤਾਲ ਨਾਲ ਆਪਣੀ ਲੈਅ ਨਾਲ ਤਾਲ ਸੰਭਾਲਦੇ ਹੋਏ ਗਾਉਂਦੇ ਹਨ ਅਤੇ ਨਾਲ ਖੜਤਾਲ ਵੱਜਦੀ ਹੋਈ ਵੀ ਚੰਗੀ ਲਗਦੀ ਹੈ। ਇਸ ਦੇ ਛੈਣਿਆਂ ਦੀ ਆਵਾਜ਼ ਬੜੀ ਪਿਆਰੀ ਤੇ ਮਿੱਠੀ ਹੁੰਦੀ ਹੈ।

**ਬਣਾਵਟ**

ਇਹ ਲਕੜੀ ਦੇ ਦੋ, ਇਕ ਸਮਾਨ ਟੁਕੜਿਆਂ ਨਾਲ ਬਣਾਈ ਜਾਂਦੀ ਹੈ। ਇਸ ਦੀ ਲੰਬਾਈ ਪੰਜ ਇੰਚ ਤੋਂ ਲੈ ਕੇ ਦਸ ਇੰਚ ਤਕ ਅਤੇ ਚੌੜਾਈ ਦੋ ਇੰਚ ਤੋਂ ਲੈ ਕੇ ਤਿੰਨ ਇੰਚ ਤਕ ਹੁੰਦੀ ਹੈ।

ਇਸ ਵਿਚ ਖੰਜਰੀ ਦੇ ਸਮਾਨ ਪਿੱਤਲ ਦੇ ਗੋਲ ਆਕਾਰ ਦੇ




ਖੜਤਾਲ

Sri Satguru Jagjit Singh Ji Elibrary NamdhariElibrary@gmail.com

ਛੋਟੇ ਛੋਟੇ ਛੈਣੇ ਦੋ ਤਿੰਨ ਜਗ੍ਹਾ ਤੇ ਲਗਾਏ ਜਾਂਦੇ ਹਨ। ਇਹ ਇਕੋ ਹੱਥ ਵਿਚ ਪਕੜੀ ਜਾਂਦੀ ਹੈ। ਇਕ ਲਕੜੀ ਦੇ ਟੁਕੜੇ ਵਿਚ ਅੰਗੂਠਾ ਪਾਉਣ ਦੀ ਥਾਂ ਹੁੰਦੀ ਹੈ ਅਤੇ ਦੂਸਰੇ ਟੁਕੜੇ ਵਿਚ ਚਾਰ ਉਂਗਲੀਆਂ ਪਾਉਣ ਦੀ ਥਾਂ ਹੁੰਦੀ ਹੈ ਅਤੇ ਇਨ੍ਹਾਂ ਦੋਹਾਂ ਟੁਕੜਿਆਂ ਨੂੰ ਆਪਸ ਵਿਚ ਖੜਕਾਉਣਾ ਹੀ ਇਸ ਦੀ ਵਾਦਨ ਸ਼ੈਲੀ ਹੈ।

ਮੀਰਾ ਬਾਈ ਨੇ ਵੀ ਇੱਕ ਹੱਥ ਵਿਚ ਖੜਤਾਲ ਤੇ ਦੂਜੇ ਹੱਥ ਵਿਚ ਇਕ ਤਾਰਾ ਲੈ ਕੇ ਭਜਨ, ਕੀਰਤਨ ਕਰਦਿਆਂ ਹੋਇਆਂ ਮੁਕਤੀ ਪ੍ਰਾਪਤ ਕੀਤੀ।

---

## (ਸ) ਘੁੰਘਰੂ

ਘੁੰਘਰੂ ਅਤਿ ਪ੍ਰਾਚੀਨ ਕਾਲ ਦਾ ਸਾਜ਼ ਹੈ। ਇਸ ਦੀ ਗਿਣਤੀ ਘਣ ਸਾਜ਼ਾਂ ਵਿਚ ਕੀਤੀ ਜਾਂਦੀ ਹੈ। ਇਹ ਪੰਜਾਬ ਦਾ ਹੀ ਨਹੀਂ ਸਗੋਂ ਸਾਰੇ ਭਾਰਤ ਦਾ ਆਪਣਾ ਮਨ ਭਾਉਂਦਾ ਸਾਜ਼ ਹੈ। ਭਾਰਤ ਵਿਚ ਹਰੇਕ ਪ੍ਰਕਾਰ ਦੇ ਅਤੇ ਹਰੇਕ ਪ੍ਰਾਂਤ ਦੇ ਨਾਚ ਵਿਚ ਇਸ ਦਾ ਪ੍ਰਯੋਗ ਹੁੰਦਾ ਹੈ। ਭਾਰਤੀ ਸ਼ਾਸਤਰੀ ਨਾਚ ਭਾਵੇਂ ਉਹ ਕਥਕ, ਮਣੀਪੁਰੀ, ਭਰਤ ਨਾਟਯਮ, ਕੁਚੀ ਪੂੜੀ ਜਾਂ ਕਥਾ ਕਲੀ ਹੋਵੇ, ਘੁੰਘਰੂਆਂ ਦਾ ਪ੍ਰਯੋਗ ਹੋਣਾ ਜ਼ਰੂਰੀ ਹੈ। ਇਹ ਤਾਲ ਪ੍ਰਧਾਨ ਸਾਜ਼ ਹੈ।

ਪੰਜਾਬ ਵਿਚ ਮਰਦ ਅਤੇ ਤੀਵੀਆਂ ਦਾ ਇਹ ਇਕੱਠਾ ਸਾਜ਼ ਹੈ। ਮਰਦ ਇਸ ਨੂੰ ਪੈਰਾਂ ਵਿਚ ਬੰਨ੍ਹ ਕੇ ਭੰਗੜੇ ਜਾਂ ਮੇਲਿਆਂ ਵਿਚ ਨਚਦੇ ਹਨ। ਤੀਵੀਆਂ ਵਿਆਹ ਸ਼ਾਦੀਆਂ ਅਤੇ ਤੀਆਂ ਵਿਚ, ਗਿੱਧਿਆਂ


Sri Satguru Jagjit Singh Ji Elibrary NamdhariElibrary@gmail.com

ਵਿਚ ਨਚਦੇ ਹੋਏ ਇਸ ਸਾਜ਼ ਦਾ ਪ੍ਰਯੋਗ ਕਰਦੀਆਂ ਹਨ। ਜਿਹੜੇ ਘੁੰਘਰੂ ਲੋਕ ਨਾਚ ਵਿਚ ਪ੍ਰਯੋਗ ਕੀਤੇ ਜਾਂਦੇ ਹਨ ਉਹ ਇਕ ਚਮੜੇ ਦੇ ਪਟੇ ਵਿਚ ਪਿਰੋਏ ਹੁੰਦੇ ਹਨ। ਸ਼ਾਸਤਰੀ ਨਾਚ ਵਿਚ ਘੁੰਘਰੂ ਰੱਸੀ ਵਿਚ ਪਿਰੋਏ ਜਾਂਦੇ ਹਨ ਅਤੇ ਉਨ੍ਹਾਂ ਦੀ ਗਿਣਤੀ ਲੋਕ ਨਾਚ ਦੇ ਘੁੰਘਰੂਆਂ ਨਾਲੋਂ ਵੱਧ ਹੁੰਦੀ ਹੈ।

ਲੋਕ ਨਾਚ ਦੇ ਘੁੰਘਰੂ ਜਿਹੜੇ ਇਕ ਚਮੜੇ ਦੇ ਪਟੇ ਵਿਚ ਲੱਗੇ ਹੁੰਦੇ ਹਨ ਉਨ੍ਹਾਂ ਦਾ ਸੁਰ ਵੱਲ ਇੰਨਾ ਧਿਆਨ ਨਹੀਂ ਦਿੱਤਾ ਜਾਂਦਾ ਹੈ ਜਿੰਨਾ ਕਿ ਸ਼ਾਸਤਰੀ ਨਾਚ ਦੇ ਘੁੰਘਰੂਆਂ ਦੇ ਸੁਰ ਤੇ ਧਿਆਨ ਦਿੱਤਾ ਜਾਂਦਾ ਹੈ।

ਸ਼ਾਸਤਰੀ ਨਾਚ ਦੇ ਸਾਰੇ ਘੁੰਘਰੂ ਸੁਰ ਤੇ ਮਿਲੇ ਹੁੰਦੇ ਹਨ।

ਸ਼ਾਸਤਰੀ ਨ੍ਰਿਤ ਕਰਨ ਵਾਲੇ ਦੇ ਇਕ ਪੈਰ ਦੀ ਰੱਸੀ ਵਿਚ ਆਮ ਤੌਰ ਤੇ ਸੌ ਤੋਂ ਲੈ ਕੇ ਢਾਈ ਸੌ ਤਕ ਦੀ ਗਿਣਤੀ ਵਿਚ ਘੁੰਘਰੂ ਹੁੰਦੇ ਹਨ।




ਘੁੰਘਰੂ

Sri Satguru Jagjit Singh Ji Elibrary NamdhariElibrary@gmail.com

ਅਭਿਨੈ ਦਰਪਣ ਦੇ ਰਚਨਾਕਾਰ ਨੰਦਕੇਸ਼ਵਰ ਦੇ ਅਨੁਸਾਰ ਘੁੰਘਰੂ ਕਾਂਸੀ ਧਾਤ ਦੇ ਬਣੇ ਹੋਣੇ ਚਾਹੀਦੇ ਹਨ । ਘੁੰਘਰੂਆਂ ਦੀ ਬਣਾਵਟ ਇਕ ਤਰ੍ਹਾਂ ਦੀ ਅਤੇ ਸੁੰਦਰ ਹੋਣੀ ਚਾਹੀਦੀ ਹੈ। ਪਿਤਲ ਧਾਤ ਦੇ ਘੁੰਘਰੂ ਵੀ ਲਏ ਜਾ ਸਕਦੇ ਹਨ।

ਘੁੰਘਰੂਆਂ ਦੀ ਬਣਾਵਟ ਦੋ ਤਰ੍ਹਾਂ ਦੀ ਹੁੰਦੀ ਹੈ। ਇਕ ਤਰ੍ਹਾਂ ਦੀ ਤਾਂ ਇਕ ਮੂੰਹ ਵਾਲੇ, ਦੂਜੇ ਤਰ੍ਹਾਂ ਦੀ ਚਾਰ ਮੂੰਹ ਵਾਲੇ ਹੁੰਦੇ ਹਨ। ਹਰੇਕ ਘੁੰਘਰੂ ਵਿਚ ਕਾਲੀ ਛੋਟੀ ਗੋਲ ਮਿਰਚ ਦੇ ਬਰਾਬਰ ਲੋਹੇ ਦੀ ਗੋਲੀ ਹੁੰਦੀ ਹੈ। ਇਹ ਇਕ ਰੱਸੀ ਵਿਚ ਪਰੋਏ ਜਾਂਦੇ ਹਨ। ਡੋਰੀ ਵਿਚ ਪਹਿਲਾਂ ਇਕ ਗੰਢ ਪਾ ਕੇ ਇਕ ਘੁੰਘਰੂ ਪਿਰੋਇਆ ਜਾਂਦਾ ਹੈ ਅਤੇ ਫਿਰ ਇਕ ਗੰਢ ਮਾਰੀ ਜਾਂਦੀ ਹੈ। ਧਿਆਨ ਰਹੇ ਕਿ ਘੁੰਘਰੂ ਦੇ ਉੱਤੇ ਕੋਈ ਗੰਢ ਨਾ ਆਵੇ ਬਲਕਿ ਖ਼ਾਲੀ ਡੋਰੀ ਵਿਚ ਹੀ ਗੰਢ ਆਵੇ। ਘੁੰਘਰੂ ਘਿਸ ਘਿਸ ਕੇ ਜਿੰਨੇ ਪੁਰਾਣੇ ਹੋ ਜਾਣ ਉੱਨੇ ਹੀ ਚੰਗੇ ਹੁੰਦੇ ਹਨ।

——

## (ਹ) ਸੱਪ


ਜਿਵੇਂ ਕਿ ਇਸ ਦਾ ਨਾਂ ਹੈ ਉਸੀ ਤਰ੍ਹਾਂ ਇਸ ਦੀ ਬਣਾਵਟ ਹੁੰਦੀ ਹੈ। ਪੰਜਾਬ ਦਾ ਇਹ ਅਜਿਹਾ ਸਾਜ਼ ਹੈ ਜਿਹੜਾ ਕਿ ਹੋਰ ਕਿਸੇ ਵੀ ਪ੍ਰਦੇਸ਼ ਵਿਚ ਵੇਖਣ ਜਾਂ ਸੁਣਨ ਵਿਚ ਨਹੀਂ ਮਿਲਦਾ। ਭਾਵ ਇਹ ਕਿ ਇਸ ਦੀ ਉਤਪਤੀ ਪੰਜਾਬ ਵਿਚ ਹੋਈ ਹੈ। ਇਸ ਦਾ ਪ੍ਰਯੋਗ ਗਿੱਧਾ, ਭੰਗੜਾ, ਲੁੱਡੀ ਆਦਿ ਵਿਚ ਹੁੰਦਾ ਹੈ। ਹਿੰਦੀ ਵਿਚ ਇਕ ਵਾਕ ਹੈ "ਆਵੱਸ਼ਕਤਾ ਆਵਿਸ਼ਕਾਰ ਦੀ ਜਣਨੀ ਹੈ" ਅਰਥਾਤ

Sri Satguru Jagjit Singh Ji Elibrary NamdhariElibrary@gmail.com

ਸਮੇਂ ਅਤੇ ਲੋਕਾਂ ਦੇ ਸੁਭਾ ਦੀ ਲੋੜ ਅਨੁਸਾਰ ਸੱਪ ਦੀ ਉੱਤਪਤੀ ਹੋਈ। ਇਸ ਦੀ ਆਵਾਜ਼ ਇਸ ਤਰ੍ਹਾਂ ਹੁੰਦੀ ਹੈ ਜਿਸ ਤਰ੍ਹਾਂ ਦਸ ਪੰਦਰ੍ਹਾਂ ਆਦਮੀਆਂ ਨੇ ਇਕੋ ਸਮੇਂ ਤੇ ਤਾਲੀ ਵਜਾਈ ਹੋਵੇ ਅਰਥਾਤ ਲੋਕਾਂ ਨੇ ਤਾਲੀ ਦੀ ਜ਼ਰੂਰਤ ਨੂੰ ਹੱਲ ਕਰਨ ਵਾਸਤੇ "ਸੱਪ" ਨੂੰ ਈਜਾਦ ਕੀਤਾ। ਇਹ ਤਾਲ ਪ੍ਰਧਾਨ ਸਾਜ਼ ਹੈ।

**ਬਣਾਵਟ**

ਇਸ ਦੀ ਬਣਾਵਟ ਜਿਵੇਂ ਕਿ ਬੱਚਿਆਂ ਦੇ ਖੇਡਣ ਲਈ ਕਾਨਿਆਂ ਦਾ ਸੱਪ ਹੁੰਦਾ ਹੈ ਬਿਲਕੁਲ ਉਹ ਹੀ ਇਸ ਦੀ ਬਣਾਵਟ ਹੈ। ਫ਼ਰਕ ਇੰਨਾ ਹੈ ਕਿ ਉੱਥੇ ਕਾਨੇ ਲੱਗੇ ਹੁੰਦੇ ਹਨ ਤੇ ਇੱਥੇ ਲਕੜੀ ਦੀਆਂ ਖੜ੍ਹੀਆਂ ਤੇ ਚਪਟੀਆਂ ਫੱਟੀਆਂ ਹੁੰਦੀਆਂ ਹਨ। ਇਨ੍ਹਾਂ ਫੱਟੀਆਂ ਦੀ ਲੰਬਾਈ ਲਗਭਗ ਇਕ ਫੁਟ ਅਤੇ ਚੌੜਾਈ ਇਕ ਇੰਚ, ਮੋਟਾਈ ਪੌਣੀ ਇੰਚ ਹੁੰਦੀ ਹੈ। ਇਹ ਆਮ ਤੌਰ ਤੇ 27 ਸੈਂਟੀਮੀਟਰ ਲੰਬਾਈ ਦਾ ਹੁੰਦਾ ਹੈ। ਫੱਟੀਆਂ ਦੇ ਸਿਰਿਆਂ ਉੱਤੇ ਗੋਲ ਆਕਾਰ ਦੇ ਛੇਦ ਕਰ ਲਏ ਜਾਂਦੇ ਹਨ। ਇਕ ਫੱਟੀ ਨੂੰ ਦੂਜੀ ਫੱਟੀ ਨਾਲ ਕਾਨਿਆਂ ਦੇ ਸੱਪ ਦੀ ਤਰ੍ਹਾਂ ਜੋੜ ਦਿੱਤਾ ਜਾਂਦਾ ਹੈ। ਜੋੜਨ ਲਈ ਪਤਲਾ ਸਰੀਆ ਲਿਆ ਜਾਂਦਾ ਹੈ ਤੇ ਸਰੀਆਂ ਦੇ ਟੋਟੇ ਇਕ ਦੂਜੀ ਫੱਟੀ ਦੇ ਸਿਰਿਆਂ




ਸੱਪ

Sri Satguru Jagjit Singh Ji Elibrary NamdhariElibrary@gmail.com

ਵਿਚੋਂ ਕੱਢ ਕੇ ਉਪਰ ਝੰਡ ਕਰ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਚੌਦਾਂ ਤੋਂ ਲੈ ਕੇ ਵੀਹ ਤਕ ਸੱਪ ਬਣਾਇਆ ਜਾਂਦਾ ਹੈ। ਇਹ ਫੱਟੀਆਂ ਆਮ ਤੌਰ ਤੇ ਟਾਹਲੀ ਦੀ ਲਕੜੀਆਂ ਦੀਆਂ ਹੁੰਦੀਆਂ ਹਨ।

---

## (ਕ) ਕਾਟੋ


ਸੱਪ ਸਾਜ਼ ਦੀ ਤਰ੍ਹਾਂ ਕਾਟੋ ਵੀ ਪੰਜਾਬ ਦੇ ਲੋਕ ਸੰਗੀਤ ਵਿਚ ਕਾਫ਼ੀ ਮਹੱਤਵਪੂਰਣ ਸਥਾਨ ਰਖਦੀ ਹੈ। ਇਹ ਵੀ ਪੰਜਾਬ ਦਾ ਇਕ ਖ਼ਾਸ ਸਾਜ਼ ਹੈ। ਇਸ ਦਾ ਰੂਪ ਕੇਵਲ ਪੰਜਾਬ ਵਿਚ ਹੀ ਵੇਖਣ ਨੂੰ ਮਿਲਦਾ ਹੈ। ਹੋਰ ਕਿਸੇ ਵੀ ਪ੍ਰਦੇਸ਼ ਵਿਚ ਅਜਿਹਾ ਜਾਂ ਇਸ ਦੇ ਨਾਲ ਦਾ ਕੋਈ ਵੀ ਰੂਪ ਵੇਖਣ ਨੂੰ ਨਹੀਂ ਮਿਲਦਾ। ਪੰਜਾਬ ਵਿਚ ਇਸ ਦਾ ਪ੍ਰਯੋਗ ਲੁੱਡੀ, ਗਿੱਧੇ, ਭੰਗੜੇ ਆਦਿ ਵਿਚ ਹੁੰਦਾ ਹੈ। ਇਹ ਸਾਜ਼ ਸਿਰਫ਼ ਤਾਲ ਪ੍ਰਧਾਨ ਹੈ।

ਜਿਵੇਂ ਕਿ ਢੱਡ, ਸਾਰੰਗੀ ਦੀ ਜੋੜੀ ਪੰਜਾਬ ਲੋਕ ਸੰਗੀਤ ਵਿਚ ਪ੍ਰਸਿੱਧ ਹੈ। ਬਿਲਕੁਲ ਉਸੇ ਤਰ੍ਹਾਂ ਹੀ ਸੱਪ ਕਾਟੋ ਦੀ ਜੋੜੀ।

**ਬਣਾਵਟ**

ਇਸ ਦੀ ਬਣਾਵਟ ਸਿਰਫ਼ ਇਕ ਡੰਡਾ ਅਤੇ ਕਾਟੋ ਦੀ ਸ਼ਕਲ ਵਿਚ ਘੜੀ ਹੋਈ ਲਕੜੀ ਹੀ ਹੈ। ਡੰਡੇ ਦੀ ਲੰਬਾਈ ਜ਼ਰੂਰਤ ਅਨੁਸਾਰ ਇਕ ਜਾਂ ਸਵਾ ਮੀਟਰ ਹੁੰਦੀ ਹੈ। ਆਮ ਤੌਰ ਤੇ ਇਸ ਦੀ ਲੰਬਾਈ 90 ਸੈਂਟੀਮੀਟਰ ਤੋਂ ਲੈ ਕੇ 100 ਸੈਂਟੀਮੀਟਰ ਤਕ ਹੁੰਦੀ ਹੈ। ਉਸ ਦੇ ਉਪਰਲੇ ਸਿਰੇ ਤੇ ਲਕੜੀ ਦੀ ਕਾਟੋ ਬਣਾ ਕੇ ਉਸ ਦੇ ਪੈਰਾਂ ਵਿਚ ਢਿੱਲੇ ਕੋਕੇ ਲਗਾ ਦਿੱਤੇ ਜਾਂਦੇ ਹਨ। ਕਾਟੋ ਦੇ ਮੂੰਹ ਨੂੰ

Sri Satguru Jagjit Singh Ji Elibrary NamdhariElibrary@gmail.com




ਕਾਟੋ

ਰੱਸੀ ਬੰਨ੍ਹ ਕੇ ਖਿੱਚਿਆ ਜਾਂ ਢਿੱਲਾ ਛੱਡਿਆ ਜਾਂਦਾ ਹੈ। ਕਾਟੋ ਨੂੰ ਖ਼ੂਬਸੂਰਤ ਬਣਾਉਣ ਲਈ ਕਈ ਲੋਕੀ ਇਸ ਨੂੰ ਰੰਗ ਲੈਂਦੇ ਹਨ। ਗਲੇ ਵਿਚ ਰਿਬਨ ਅਤੇ ਪੂਛ ਨੂੰ ਨਿੱਕੇ ਨਿੱਕੇ ਘੁੰਘਰੂ ਬੰਨ੍ਹ ਦਿੱਤੇ ਜਾਂਦੇ ਹਨ। ਜਦੋਂ ਰੱਸੀ ਖਿੱਚੀ ਜਾਂ ਢਿੱਲੀ ਕੀਤੀ ਜਾਂਦੀ ਹੈ ਤਾਂ ਲਕੜੀ ਦੀ ਬਣੀ ਹੋਈ ਕਾਟੋ ਕਦੀ ਉਪਰ ਅਤੇ ਕਦੀ ਹੇਠਾਂ ਘੁੰਘਰੂਆਂ ਦੀ ਤਾਲ ਉੱਤੇ ਟੱਪਦੀ ਫਿਰਦੀ ਹੈ ਜਿਹੜੀ ਕਿ ਸਿਰਫ਼ ਵੇਖਣ ਵਿਚ ਬਹੁਤ ਚੰਗੀ ਲੱਗਦੀ ਹੈ।

Sri Satguru Jagjit Singh Ji Elibrary NamdhariElibrary@gmail.com

PUP(O)-6 7 73 - 1100/ 5 - 98

ਪੰਜਾਬੀ ਯੂਨੀਵਰਸਿਟੀ ਪ੍ਰੈਸ, ਪਟਿਆਲਾ ਵਿਖੇ ਛਪਿਆ ।

Sri Satguru Jagjit Singh Ji Elibrary NamdhariElibrary@gmail.com